







ਹਲਕਾ ਸਾਹਨੇਵਾਲ ਤੋਂ ਕਾਂਗਰਸ ਦੇ ਇੰਚਾਰਜ ਵਿਕਰਮ ਸਿੰਘ ਬਾਜਵਾ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ। ਅਜੀਤ ਤਸਵੀਰ

# ਸੱਤਾਧਾਰੀ ਆਗੂ ਕਾਂਗਰਸੀ ਵਰਕਰਾਂ ਨੂੰ ਡਰਾਉਣਾ ਧਮਕਾਉਣਾ ਬੰਦ ਕਰਨ-ਵਿਕਰਮ ਬਾਜਵਾ

ਭਾਮੀਆਂ ਕਲਾਂ 27 ਨਵੰਬਰ (ਜਤਿੰਦਰ ਭੰਬੀ)-ਵਿਧਾਨ ਸਭਾ ਹਲਕਾ ਸਾਹਨੇਵਾਲ ਦੇ ਇੰਚਾਰਜ ਵਿਕਰਮ ਸਿੰਘ ਬਾਜਵਾ ਨੇ ਕਿਹਾ ਕਿ ਹਲਕਾ ਸਾਹਨੇਵਾਲ ਅੰਦਰ ਕਾਂਗਰਸ ਪਾਰਟੀ ਪੂਰੀ ਤਾਕਤ ਦੇ ਨਾਲ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਲੜੇਗੀ ਅਤੇ ਸਾਰੇ ਜ਼ੋਨਾਂ ਦੇ ਵਿਚ ਜਿੱਤ ਦਰਜ ਕਰਕੇ ਆਪਣੇ ਚੇਅਰਮੈਨ ਬਣਾਏਗੀ। ਉਨ੍ਹਾਂ ਕਿਹਾ ਕਿ ਜਿਹੜੇ ਸੱਤਾਧਾਰੀ ਆਗੂ ਕਾਂਗਰਸੀ ਵਰਕਰਾਂ ਨੂੰ ਅਧਿਕਾਰੀਆਂ ਦੇ ਦਫ਼ਤਰਾਂ ਵਿਚ ਬੁਲਾਕੇ ਡਰਾ-ਧਮਕਾ ਰਹੇ ਹਨ, ਉਹ ਆਪਣੀਆਂ ਹਰਕਤਾਂ ਤੋਂ ਬਾਜ਼ ਆ ਜਾਣ ਕਿਉਂਕਿ ਸਮਾਂ ਆਉਣ 'ਤੇ ਉਨ੍ਹਾਂ ਨੂੰ ਕੋਈ ਬਚਾਉਣ ਵਾਲਾ ਨਜ਼ਰ ਨਹੀਂ ਆਉਣਾ। ਉਨ੍ਹਾਂ ਸਰਕਾਰੀ ਮੁਲਾਜ਼ਮਾਂ ਅਤੇ ਅਧਿਕਾਰੀਆਂ ਨੂੰ ਅਪੀਲ ਕਰਦੇ ਕਿਹਾ ਕਿ ਉਹ ਕਿਸੇ ਵੀ ਸੱਤਾਧਾਰੀ ਆਗੂ ਦੇ ਕਹਿਣ 'ਤੇ ਕਾਂਗਰਸੀ ਵਰਕਰਾਂ ਨਾਲ ਧੱਕੇਸ਼ਾਹੀ ਨਾ ਕਰਨ ਕਿਉਂਕਿ ਉਹ ਹਾਲਾਤ ਵੇਖ ਲੈਣ ਕਿ ਕਿਸ ਤਰ੍ਹਾਂ ਤਰਨਤਾਰਨ ਵਿਚ ਪਹਿਲਾਂ ਤਾਂ ਅਧਿਕਾਰੀਆਂ ਤੋਂ ਸੱਤਾਧਾਰੀ ਆਗੂਆਂ ਨੇ ਗ਼ਲਤ ਕੰਮ ਕਰਵਾ ਲਿਆ ਤੇ ਬਾਅਦ ਵਿਚ ਆਪ ਪਿੱਛੇ ਹਟ ਗਏ ਅਤੇ ਅਧਿਕਾਰੀਆਂ ਨੂੰ ਬਲੀ ਦਾ ਬੱਕਰਾ ਬਣਾ ਦਿੱਤਾ। ਇਸ ਲਈ ਉਹ ਹਲਕਾ ਸਾਹਨੇਵਾਲ ਦੇ ਲੋਕਾਂ ਅਤੇ ਅਧਿਕਾਰੀਆਂ ਨੂੰ ਬੇਨਤੀ ਕਰਦੇ ਕਿ ਆਪਸੀ ਭਾਈਚਾਰਕ ਸਾਂਝ ਬਣਾ ਕੇ ਰੱਖਣ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਦੇ ਚਾਰ ਸਾਲ ਬੀਤਣ ਵਾਲੇ ਹਨ, ਜੇਕਰ ਸਰਕਾਰ ਨੇ ਇੰਨੇ ਹੀ ਲੋਕ ਭਲਾਈ ਦੇ ਕੰਮ ਕੀਤੇ ਹਨ ਤਾਂ ਸਰਕਾਰ ਨੂੰ ਡਰ ਕਿਸ ਗੱਲ ਦਾ ਹੈ। ਉਹ ਆਪਣੇ ਕੰਮਾਂ ਦੇ ਆਧਾਰ 'ਤੇ ਚੋਣ ਲੜੇ ਅਤੇ ਲੋਕਾਂ ਨੂੰ ਡਰਾ-ਧਮਕਾ ਕੇ ਜੋੜ-ਤੋੜ ਕਰਕੇ ਜਿੱਤਣ ਦੀ ਕੋਸ਼ਿਸ਼ ਨਾ ਕਰੇ। ਇਸ ਮੌਕੇ ਉਨ੍ਹਾਂ ਦੇ ਨਾਲ ਬਲਾਕ ਕਾਂਗਰਸ ਦੇ ਪ੍ਰਧਾਨ ਤਾਜ ਪਰਮਿੰਦਰ ਸੋਨੂੰ, ਚੇਅਰਮੈਨ ਬਲਵੀਰ ਸਿੰਘ ਬੁੱਢੇਵਾਲ, ਰੁਪਿੰਦਰ ਸਿੰਘ ਬੂਟਾ ਬਿਲਗਾ, ਸਰਪੰਚ ਰਾਜਦੀਪ ਸਿੰਘ ਬਿਲਗਾ ਆਦਿ ਹਾਜ਼ਰ ਸਨ।

# ਤਲਵੰਡੀ ਕਲਾਂ ਵਿਖੇ ਜ਼ਿਲ੍ਹਾ ਪ੍ਰੀਸ਼ਦ ਤੇ ਸੰਮਤੀ ਚੋਣਾਂ ਸੰਬੰਧੀ ਅਕਾਲੀ ਦਲ ਨੇ ਕੀਤੀ ਅਹਿਮ ਮੀਟਿੰਗ

ਲਾਡੋਵਾਲ, 27 ਨਵੰਬਰ (ਬਲਬੀਰ ਸਿੰਘ ਰਾਣਾ)-ਆਉਣ ਵਾਲੀਆਂ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਨੂੰ ਮੁੱਖ ਰੱਖਦਿਆਂ ਸ਼੍ਰੋਮਣੀ ਅਕਾਲੀ ਦਲ ਵਲੋਂ ਸਾਬਕਾ ਸਰਪੰਚ ਮਨਜੀਤ ਸਿੰਘ ਲਵਲੀ ਤਲਵੰਡੀ ਅਤੇ ਸਰਕਲ ਪ੍ਰਧਾਨ ਇਕਬਾਲ ਸਿੰਘ ਮੰਝਫਗੂਵਾਲ ਅਗਵਾਈ ਵਿਚ ਮੀਟਿੰਗ ਕੀਤੀ ਗਈ। ਇਸ ਮੀਟਿੰਗ ਵਿਚ ਸਾਬਕਾ ਵਿਧਾਇਕ ਅਤੇ ਹਲਕਾ ਇੰਚਾਰਜ ਰਣਜੀਤ ਸਿੰਘ ਢਿੱਲੋਂ, ਜ਼ਿਲ੍ਹਾ ਦਿਹਾਤੀ ਪ੍ਰਧਾਨ ਚੰਦ ਸਿੰਘ ਡੱਲਾ ਅਤੇ ਐਡਵੋਕੇਟ ਪ੍ਰੇਮ ਸਿੰਘ ਹਰਨਾਮਪੁਰਾ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਇਸ ਮੌਕੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਰਣਜੀਤ ਸਿੰਘ ਢਿੱਲੋਂ, ਚੰਦ ਸਿੰਘ ਡੱਲਾ, ਪ੍ਰੇਮ ਸਿੰਘ ਹਰਨਾਮਪੁਰਾ ਨੇ ਸਾਂਝੇ ਤੌਰ 'ਤੇ ਕਿਹਾ ਕਿ ਪੰਜਾਬ ਅੰਦਰ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਨੂੰ ਚਾਰ ਸਾਲ ਹੋ ਚੁੱਕੇ ਹਨ, ਜਿਸ ਨੇ ਬਦਲਾਅ ਦੇ ਨਾਂ 'ਤੇ ਲੋਕਾਂ ਤੋਂ ਵੋਟਾਂ ਬਟੋਰੀਆਂ ਲੇਕਿਨ ਪੰਜਾਬ ਦਾ ਵਿਕਾਸ ਕਰਨ ਦੀ ਬਜਾਏ ਵਿਨਾਸ਼ ਕਰਨ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਨੂੰ ਮੁੜ ਸੱਤਾ ਵਿਚ ਦੇਖਣ ਲਈ ਲੋਕ ਉਤਾਵਲੇ ਹੋ ਚੁੱਕੇ ਹਨ। ਇਸ ਮੌਕੇ ਲਾਡੋਵਾਲ ਸਰਕਲ ਪ੍ਰਧਾਨ ਇਕਬਾਲ ਸਿੰਘ ਮੰਝਫਗੂਵਾਲ ਅਤੇ ਸਾਬਕਾ ਸਰਪੰਚ ਮਨਜੀਤ ਸਿੰਘ ਲਵਲੀ ਤਲਵੰਡੀ ਨੇ ਸਮੂਹ ਵਰਕਰਾਂ ਵਲੋਂ ਉਕਤ ਆਗੂਆਂ ਨੂੰ ਵਿਸ਼ਵਾਸ ਦਵਾਇਆ ਕਿ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਦੀ ਇਕ ਇਕ ਸੀਟ 'ਤੇ ਜਿੱਤ ਦਰਜ ਕਰਕੇ ਸ਼੍ਰੋਮਣੀ ਅਕਾਲੀ ਦਲ ਦੀ ਝੋਲੀ ਵਿਚ ਪਾਈ ਜਾਵੇਗੀ। ਇਸ ਮੌਕੇ ਆਏ ਹੋਏ ਮਹਿਮਾਨਾਂ ਨੂੰ ਸਿਰੋਪਾਉ ਭੇਟ ਕਰਕੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਪਰਮਜੀਤ ਸਿੰਘ, ਜਸਵੰਤ ਸਿੰਘ, ਨੰਬਰਦਾਰ ਅਮਰਜੀਤ ਸਿੰਘ, ਨਰਿੰਦਰ ਸਿੰਘ ਗਰੇਵਾਲ, ਮੋਨੂੰ, ਅਸ਼ੋਕ ਕੁਮਾਰ ਸਿੰਘ, ਰਾਮਦਾਸ, ਰਾਮ ਸਿੰਘ, ਸ਼ੋਕੀ, ਪ੍ਰੇਮ ਸਿੰਘ, ਰੂਪ ਲਾਲ, ਗੋਗੀ, ਗੋਬਿੰਦਾ, ਮਲਕੀਤ ਸਿੰਘ, ਬਾਬਾ ਅੰਗਰੇਜ਼ ਸਿੰਘ, ਅਜੇ ਕੁਮਾਰ, ਲੱਖਾ, ਗੁਰਦੀਪ ਸਿੰਘ ਪੰਚ ਫ਼ਤਿਹਪੁਰ, ਗਿਆਨ ਚੰਦ, ਗੁਰਦਿਆਲ ਸਿੰਘ, ਸੁਰਿੰਦਰ ਕੁਮਾਰ, ਗੋਲਾ ਕੁਤਬੇਵਾਲ, ਪਰਵੀਨ ਕੁਮਾਰ, ਕੇਵਲ ਵਿਰਕ, ਹਰਸ਼ ਝਮਟ ਤੋਂ ਇਲਾਵਾ ਹੋਰ ਅਕਾਲੀ ਵਰਕਰ ਵੀ ਹਾਜ਼ਰ ਸਨ।

# ਭੋਗ 'ਤੇ ਵਿਸ਼ੇਸ਼-ਬਲਬੀਰ ਸਿੰਘ ਗਰੇਵਾਲ



ਲੁਧਿਆਣਾ-ਸਾਦਗੀ, ਨੇਕੀ ਅਤੇ ਮਿਹਨਤ ਦੇ ਮੁਜੱਸਮੇ ਸ. ਬਲਬੀਰ ਸਿੰਘ ਗਰੇਵਾਲ ਦਾ ਜਨਮ ਸਾਲ 1941 ਵਿਚ ਲਾਇਲਪੁਰ, ਪਾਕਿਸਤਾਨ ਵਿਖੇ ਪਿਤਾ ਜੋਗਿੰਦਰ ਸਿੰਘ ਅਤੇ ਮਾਤਾ ਜਗੀਰ ਕੌਰ ਦੇ ਘਰ ਹੋਇਆ। ਮਹਿਜ਼ 6 ਸਾਲ ਦੀ ਉਮਰ ਵਿਚ ਸਾਲ 1947 ਦੀ ਭਾਰਤ-ਪਾਕਿਸਤਾਨ ਵੰਡ ਸਮੇਂ ਉਹ ਆਪਣੇ ਪਰਿਵਾਰ ਸਮੇਤ ਪਿੰਡ ਤਰਫ਼ ਸੈਦਾਂ, ਜੋ ਅੱਜਕੱਲ੍ਹ ਟਿੱਬਾ ਰੋਡ, ਲੁਧਿਆਣਾ ਵਜੋਂ ਜਾਣਿਆ ਜਾਂਦਾ ਹੈ, ਵਿਖੇ ਮਰੱਬਾਬੰਦੀ ਦੌਰਾਨ ਆ ਵਸੇ। ਸਾਲ 1962 ਵਿਚ ਉਨ੍ਹਾਂ ਦਾ ਵਿਆਹ ਪ੍ਰਿਥੀ ਸਿੰਘ ਅਤੇ ਮਾਤਾ ਇੰਦ ਕੌਰ ਦੀ ਸਪੁੱਤਰੀ ਰਛਪਾਲ ਕੌਰ, ਪਿੰਡ ਲਹਿਰਾ ਨਾਲ ਹੋਇਆ। ਸ. ਬਲਬੀਰ ਸਿੰਘ ਗਰੇਵਾਲ ਅਤੇ ਰਛਪਾਲ ਕੌਰ ਦੇ ਗ੍ਰਹਿ ਵਿਖੇ ਵਿਧਾਇਕ ਦਲਜੀਤ ਸਿੰਘ ਗਰੇਵਾਲ ਭੋਲਾ, ਕੁਲਵਿੰਦਰ ਸਿੰਘ ਗਰੇਵਾਲ, ਇੰਦਰਜੀਤ ਕੌਰ ਅਤੇ ਪਰਮਜੀਤ ਕੌਰ ਨੇ ਜਨਮ ਲਿਆ। ਸ. ਬਲਬੀਰ ਸਿੰਘ ਗਰੇਵਾਲ ਬਚਪਨ ਤੋਂ ਹੀ ਕਰਮਯੋਗੀ ਸੁਭਾਅ ਦੇ ਸਨ। ਉਨ੍ਹਾਂ ਦੀ ਨਜ਼ਰ ਵਿਚ ਬੱਚਿਆਂ ਲਈ ਅਥਾਹ ਪਿਆਰ ਸੀ। ਧਾਰਮਿਕ ਬਿਰਤੀ ਦੇ ਧਾਰਨੀ ਸ. ਬਲਬੀਰ ਸਿੰਘ ਗਰੇਵਾਲ ਨੇ ਸਾਲ 1986 ਵਿਚ ਗੁਰਦੁਆਰਾ ਸਾਹਿਬ ਲਈ ਆਪਣੀ ਜ਼ਮੀਨ ਖ਼ੁਸ਼ੀ-ਖ਼ੁਸ਼ੀ ਗੁਰੂ ਘਰ ਨੂੰ ਸਮਰਪਿਤ ਕੀਤੀ। ਗੁਰੂ ਘਰ ਦੀ ਉਸਾਰੀ ਦੌਰਾਨ ਉਨ੍ਹਾਂ ਨੇ ਆਪਣੇ ਹੱਥੀਂ ਮਿਹਨਤ ਕਰਕੇ ਇੱਟ-ਇੱਟ ਜੋੜੀ ਅਤੇ ਮਿੱਟੀ ਢੋਈ। ਮਨੁੱਖਤਾ ਦੀ ਸੇਵਾ ਨੂੰ ਉਹ ਸਭ ਤੋਂ ਵੱਡਾ ਧਰਮ ਮੰਨਦੇ ਸਨ। ਸਾਲ 1988 ਵਿਚ ਜਦੋਂ ਇਲਾਕੇ ਵਿਚ ਭਿਆਨਕ ਹੜ੍ਹ ਆਏ ਅਤੇ ਲੋਕ ਡਰ ਤੇ ਪਾਣੀ ਵਿਚ ਘਿਰੇ ਹੋਏ ਸਨ, ਉਸ ਵੇਲੇ ਸ. ਬਲਬੀਰ ਸਿੰਘ ਗਰੇਵਾਲ ਨੇ ਆਪਣੇ ਉੱਚੇ ਟਿੱਬੇ 'ਤੇ ਬਣੇ ਘਰ ਦੇ ਦਰਵਾਜ਼ੇ ਸੰਗਤ ਲਈ ਖੋਲ੍ਹ ਦਿੱਤੇ ਅਤੇ ਲੰਗਰ-ਪਾਣੀ ਸਮੇਤ ਹਰ ਸੰਭਵ ਮਦਦ ਪਹੁੰਚਾਈ। ਉਨ੍ਹਾਂ ਦੇ ਸਪੁੱਤਰ ਵਿਧਾਇਕ ਦਲਜੀਤ ਸਿੰਘ ਭੋਲਾ ਗਰੇਵਾਲ ਨੂੰ ਸਿਆਸੀ ਖੇਤਰ ਵਿਚ ਲੋਕਾਂ ਦਾ ਵੱਡਾ ਭਰੋਸਾ ਮਿਲਿਆ। ਜਦੋਂ ਦਲਜੀਤ ਸਿੰਘ ਭੋਲਾ ਗਰੇਵਾਲ ਪਹਿਲੀ ਵਾਰ 2007 ਵਿਚ ਕੌਂਸਲਰ ਦੀ ਚੋਣ ਲੜੇ ਤਾਂ ਉਨ੍ਹਾਂ ਦੀ ਜਿੱਤ ਅਤੇ ਦੂਜੀ ਚੋਣ ਵਿਚ ਮਿਲਿਆ 90 ਫ਼ੀਸਦੀ ਵੋਟਾਂ ਦਾ ਸਮਰਥਨ ਸ. ਬਲਬੀਰ ਸਿੰਘ ਗਰੇਵਾਲ ਦੀ ਇਲਾਕੇ ਵਿਚ ਬਣਾਈ ਸਾਖ ਅਤੇ ਨੇਕ ਕਮਾਈ ਦਾ ਹੀ ਨਤੀਜਾ ਸੀ। ਵਿਧਾਇਕ ਭੋਲਾ ਗਰੇਵਾਲ ਦੇ ਦੱਸੇ ਅਨੁਸਾਰ ਸ. ਬਲਬੀਰ ਸਿੰਘ ਗਰੇਵਾਲ ਉਨ੍ਹਾਂ ਨੂੰ ਸਾਈਕਲ 'ਤੇ ਸਕੂਲ ਛੱਡ ਕੇ ਆਉਂਦੇ ਸੀ ਅਤੇ ਲੈਕੇ ਆਉਂਦੇ ਸੀ। 22 ਨਵੰਬਰ ਨੂੰ ਸ. ਬਲਬੀਰ ਸਿੰਘ ਗਰੇਵਾਲ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਆਖਦੇ ਹੋਏ ਸਦਾ ਲਈ ਪ੍ਰਮਾਤਮਾ ਦੇ ਚਰਨਾਂ ਵਿਚ ਜਾ ਬਿਰਾਜੇ। ਉਨ੍ਹਾਂ ਦਾ ਸਾਦਗੀ ਭਰਿਆ ਅਤੇ ਸੇਵਾ ਨੂੰ ਸਮਰਪਿਤ ਜੀਵਨ ਹਮੇਸ਼ਾ ਪ੍ਰੇਰਨਾ ਸਰੋਤ ਰਹੇਗਾ। ਇਸ ਵਿੱਛੜੀ ਹੋਈ ਰੂਹ ਦੀ ਆਤਮਿਕ ਸ਼ਾਂਤੀ ਲਈ ਰੱਖੇ ਗਏ ਸ੍ਰੀ ਸਹਿਜ ਪਾਠ ਦੇ ਭੋਗ ਅਤੇ ਅੰਤਿਮ ਅਰਦਾਸ 28 ਨਵੰਬਰ, ਦਿਨ ਸ਼ੁੱਕਰਵਾਰ ਨੂੰ ਹਲਕਾ ਦਫ਼ਤਰ ਵਿਧਾਇਕ ਹਲਕਾ ਪੂਰਬੀ ਦੇ ਪਿੱਛੇ, ਟਿੱਬਾ ਰੋਡ ਵਿਖੇ ਦੁਪਹਿਰ 12.30 ਤੋਂ 1.30 ਵਜੇ ਤੱਕ ਪੈਣਗੇ। ਇਸ ਮੌਕੇ ਵੱਖ-ਵੱਖ ਸਿਆਸੀ, ਸਮਾਜਿਕ ਅਤੇ ਧਾਰਮਿਕ ਆਗੂ ਵੱਡੀ ਗਿਣਤੀ ਵਿਚ ਸ. ਬਲਬੀਰ ਸਿੰਘ ਗਰੇਵਾਲ ਨੂੰ ਸ਼ਰਧਾ ਦੇ ਫੁੱਲ ਭੇਟ ਕਰਨਗੇ।

-ਡਾ. ਤਰਲੋਚਨ ਸਿੰਘ

## ਮਾਲਵਾ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ ਵਿਖੇ ਐਨ.ਸੀ.ਸੀ. ਦਿਵਸ ਮਨਾਇਆ

ਲੁਧਿਆਣਾ, 27 ਨਵੰਬਰ (ਭੁਪਿੰਦਰ ਸਿੰਘ ਬੈਂਸ)-ਮਾਲਵਾ ਖ਼ਾਲਸਾ ਸੀਨੀਅਰ ਸੈਕੰਡਰੀ ਸਕੂਲ, ਮਾਡਲ ਗ੍ਰਾਮ ਵਿਖੇ ਨੰਬਰ 4 ਪੰਜਾਬ ਏਅਰ ਸਕੁਐਡਰਨ ਐਨ.ਸੀ.ਸੀ., ਲੁਧਿਆਣਾ ਅਧੀਨ 78ਵਾਂ ਐਨ.ਸੀ.ਸੀ. ਦਿਵਸ ਬੜੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਕੈਡਿਟਾਂ ਨੇ ਨਸ਼ਿਆਂ ਦੀ ਸਮੱਸਿਆ ਵਿਰੁੱਧ ਸਾਈਕਲ ਰੈਲੀ ਕੱਢੀ। ਜਾਣਕਾਰੀ ਦਿੰਦੇ ਹੋਏ ਪ੍ਰਿੰਸੀਪਲ ਕਰਨਜੀਤ ਸਿੰਘ ਨੇ ਦੱਸਿਆ ਕਿ ਐਨ.ਸੀ.ਸੀ. ਨੂੰ ਦੇਸ਼ ਦੀ ਦੂਜੀ ਰੱਖਿਆ ਲਾਈਨ ਮੰਨਿਆ ਜਾਂਦਾ ਹੈ। ਏ.ਐਨ.ਓ. ਪਰਮਬੀਰ ਸਿੰਘ ਨੇ ਕੈਡਿਟਾਂ ਨੂੰ ਨਸ਼ਿਆਂ ਦੀ ਲਤ ਦੇ ਮਾੜੇ ਪ੍ਰਭਾਵਾਂ ਅਤੇ ਇਸ ਨਾਲ ਪਰਿਵਾਰ ਨੂੰ ਹੋਣ ਵਾਲੇ ਨੁਕਸਾਨ ਬਾਰੇ ਜਾਗਰੂਕ ਕੀਤਾ। ਇਸ ਮੌਕੇ ਮਨੋਜ ਕੁਮਾਰ, ਹਰਪਾਲ ਸਿੰਘ, ਵਰਿੰਦਰ ਸਿੰਘ ਅਤੇ ਮਨਦੀਪ ਸਿੰਘ ਵੀ ਮੌਜੂਦ ਸਨ।



ਮੀਟਿੰਗ ਦੌਰਾਨ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਯੂ.ਸੀ.ਪੀ.ਐਮ.ਏ. ਦੇ ਮੈਂਬਰ। ਅਜੀਤ ਤਸਵੀਰ

# ਯੂ.ਸੀ.ਪੀ.ਐਮ.ਏ. ਦੇ ਮੈਂਬਰਾਂ ਨੇ ਐਸ.ਜੀ.ਐਮ. ਦੇ ਏਜੰਡੇ ਦਾ ਜਤਾਇਆ ਵਿਰੋਧ

ਲੁਧਿਆਣਾ, 27 ਨਵੰਬਰ (ਜਤਿੰਦਰ ਭੰਬੀ)-ਯੂਨਾਈਟਿਡ ਸਾਈਕਲ ਐਂਡ ਪਾਰਟਸ ਮੈਨੂਫੈਕਚਰਜ਼ ਐਸੋਸੀਏਸ਼ਨ (ਯੂ.ਸੀ.ਪੀ.ਐਮ.ਏ) ਦੇ ਵੱਡੀ ਗਿਣਤੀ ਵਿਚ ਮੈਂਬਰਾਂ ਨੇ ਆਉਣ ਵਾਲੀ ਖਾਸ ਜਨਰਲ ਮੀਟਿੰਗ (ਐਸ.ਜੀ.ਐਮ) ਦੇ ਏਜੰਡੇ ਉਤੇ ਕਰੜਾ ਵਿਰੋਧ ਜਤਾਉਂਦੇ ਹੋਏ ਇਸ ਨੂੰ ਗੈਰ-ਸੰਵਿਧਾਨਕ, ਬੇਲੋੜੀ ਅਤੇ ਸੰਸਥਾ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਲੋਕਤੰਤਰਿਕ ਪਰੰਪਰਾ ਦੇ ਖ਼ਿਲਾਫ਼ ਦੱਸਿਆ। ਮੈਂਬਰਾਂ ਨੇ ਕਿਹਾ ਕਿ ਸੰਵਿਧਾਨ ਵਿਚ ਸੋਧਾਂ ਜਦੋਂ ਵੀ ਪਹਿਲਾਂ ਪ੍ਰਸਤਾਵਿਤ ਕੀਤੀਆਂ ਗਈਆਂ, ਉਹ ਹਮੇਸ਼ਾ ਭਵਿੱਖ ਦੇ ਕਾਰਜਕਾਲ ਲਈ ਹੀ ਲਾਗੂ ਹੋਈਆਂ ਹਨ, ਨਾ ਕਿ ਮੌਜੂਦਾ ਕਾਰਜਕਾਲ ਲਈ। ਇਸ ਕਰਕੇ ਇਸ ਸੋਧ ਨੂੰ ਤੁਰੰਤ ਵਾਪਸ ਲਿਆ ਜਾਵੇ ਅਤੇ ਜੇਕਰ ਕੋਈ ਨਵਾਂ ਪ੍ਰਸਤਾਵ ਲਿਆਉਣਾ ਹੈ ਤਾਂ ਇਸ ਨੂੰ ਕਾਨੂੰਨੀ ਪ੍ਰਕਿਰਿਆ ਅਤੇ ਨਿਯਮਾਂ ਦੀ ਪਾਲਨਾ ਨਾਲ ਲਿਆਂਦਾ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਕੋਈ ਸੋਧ ਕੀਤੀ ਜਾਣੀ ਹੈ ਤਾਂ ਇਹ ਸਿਰਫ਼ ਅਗਲੇ ਕਾਰਜਕਾਲ (2027-29) ਲਈ ਹੀ ਲਾਗੂ ਹੋਣੀ ਚਾਹੀਦੀ ਹੈ। ਮੈਂਬਰਾਂ ਨੇ ਇਹ ਵੀ ਕਿਹਾ ਕਿ ਜੇਕਰ ਕਿਸੇ ਵੀ ਹਾਲਤ ਵਿਚ ਇਹ ਸੋਧ ਮੌਜੂਦਾ ਕਾਰਜਕਾਲ ਵਿਚ ਲਾਗੂ ਕੀਤੀ ਜਾਂਦੀ ਹੈ, ਤਾਂ ਦੋ ਸਾਲਾ ਮਿਆਦ ਪੂਰੀ ਹੋਣ ਤੋਂ ਬਾਅਦ ਐਸੋਸੀਏਸ਼ਨ ਦਾ ਪ੍ਰਬੰਧ ਲੁਧਿਆਣਾ ਦੇ ਡਿਪਟੀ ਕਮਿਸ਼ਨਰ ਜਾਂ ਕੰਪਨੀ ਲਾਅ ਬੋਰਡ, ਰਜਿਸਟਰਾਰ ਆਫ਼ ਕੰਪਨੀਜ਼ ਜਾਂ ਕਿਸੇ ਹੋਰ ਸਰਕਾਰੀ ਅਥਾਰਿਟੀ ਨੂੰ ਸੌਂਪਿਆ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ ਇਹ ਗੱਲ ਵੀ ਮਹੱਤਵਪੂਰਨ ਹੈ ਕਿ ਜੇ ਮੌਜੂਦਾ ਕਾਰਜਕਾਲ ਨਿਰਧਾਰਿਤ ਹੱਦ ਤੋਂ ਵੱਧ ਗਿਆ ਤਾਂ ਆਰਟੀਕਲ 9, ਹੈਡਿੰਗ 'ਇਲੈੱਕਸ਼ਨ', ਸਬ-ਸੈਕਸ਼ਨ 1 ਵਿਚ ਸਪੱਸ਼ਟ ਤੌਰ 'ਤੇ ਕਿਹਾ ਗਿਆ ਹੈ ਕਿ "ਜੇ ਚੋਣ ਪ੍ਰਕਿਰਿਆ ਸੰਵਿਧਾਨ ਅਨੁਸਾਰ ਸਮੇਂ 'ਤੇ ਪੂਰੀ ਨਹੀਂ ਹੁੰਦੀ, ਤਾਂ ਸਾਰੇ ਅਹੁਦੇਦਾਰ ਦੋ ਸਾਲ ਦੀ ਮਿਆਦ ਪੂਰੀ ਹੋਣ 'ਤੇ ਅਹੁਦੇ ਤੋਂ ਹਟੇ ਸਮਝੇ ਜਾਣਗੇ ਅਤੇ ਇਕ ਕਾਰਜਕਾਲ ਲਈ ਕਿਸੇ ਵੀ ਅਹੁਦੇ ਲਈ ਚੋਣ ਲੜਨ ਤੋਂ ਰੋਕੇ ਜਾਣਗੇ। ਉਨ੍ਹਾਂ ਕਿਹਾ ਕਿ ਇਸ ਦਾ ਕਾਰਜਕਾਲ ਕਿਸੇ ਵੀ ਹਾਲਤ ਵਿਚ ਵਧਾਇਆ ਨਹੀਂ ਜਾ ਸਕਦਾ। ਇਸ ਮੌਕੇ ਵਰੁਣ ਅਗਰਵਾਲ, ਗੋਰਵ ਸੂਦ, ਵਿੱਕੀ ਦੁਰਗਾ, ਚਰਨਜੀਤ ਸਿੰਘ ਵਿਸ਼ਵਕਰਮਾ, ਡੀ.ਐਸ. ਚਾਵਲਾ, ਮਨਜੀਤ ਸਿੰਘ ਦਿਉਲ, ਹਰਦੀਪ ਸਿੰਘ ਸੋਹਲ, ਅਛਰੂ ਰਾਮ ਗੁਪਤਾ, ਰਾਜਨ ਗੁਪਤਾ ਆਦਿ ਮੌਜੂਦ ਸਨ।



ਵਿਧਾਇਕ ਦਲਜੀਤ ਸਿੰਘ ਭੋਲਾ ਗਰੇਵਾਲ ਨਾਲ ਦੁੱਖ ਸਾਂਝਾ ਕਰਦੇ ਸੀਸੂ ਦੇ ਪ੍ਰਧਾਨ ਉਪਕਾਰ ਸਿੰਘ ਆਹੂਜਾ ਤੇ ਹੋਰ। ਅਜੀਤ ਤਸਵੀਰ

# ਸੀਸੂ ਦੇ ਵਫ਼ਦ ਨੇ ਵਿਧਾਇਕ ਭੋਲਾ ਗਰੇਵਾਲ ਨਾਲ ਕੀਤਾ ਦੁੱਖ ਸਾਂਝਾ

ਲੁਧਿਆਣਾ, 27 ਨਵੰਬਰ (ਜਤਿੰਦਰ ਭੰਬੀ)-ਚੈਂਬਰ ਆਫ਼ ਇੰਡਸਟਰੀਅਲ ਐਂਡ ਕਮਰਸ਼ੀਅਲ ਅੰਡਰਟੇਕਿੰਗਜ਼ (ਸੀਸੂ) ਦਾ ਇਕ ਵਫ਼ਦ ਸੀਸੂ ਦੇ ਪ੍ਰਧਾਨ ਉਪਕਾਰ ਸਿੰਘ ਆਹੂਜਾ ਦੀ ਅਗਵਾਈ ਹੇਠ ਜਨਰਲ ਸਕੱਤਰ ਹਨੀ ਸੇਠੀ, ਉਪ ਪ੍ਰਧਾਨ ਗੌਤਮ ਮਲਹੋਤਰਾ, ਵਿੱਤ ਸਕੱਤਰ ਅਜੈ ਭਾਰਤੀ ਅਤੇ ਉਪ ਪ੍ਰਧਾਨ ਲਖਬੀਰ ਕੁਮਾਰ ਸ਼ਾਮਿਲ ਸਨ, ਨੇ ਵਿਧਾਇਕ ਦਲਜੀਤ ਸਿੰਘ ਗਰੇਵਾਲ ਦੇ ਪਿਤਾ ਸਵ. ਬਲਬੀਰ ਸਿੰਘ ਗਰੇਵਾਲ ਦੇ ਦੇਹਾਂਤ 'ਤੇ ਦੁੱਖ ਪ੍ਰਗਟ ਕਰਨ ਲਈ ਉਨ੍ਹਾਂ ਦੇ ਘਰ ਜਾ ਕੇ ਦੁੱਖ ਸਾਂਝਾ ਕੀਤਾ। ਸੀਸੂ ਦੇ ਪ੍ਰਧਾਨ ਉਪਕਾਰ ਸਿੰਘ ਆਹੂਜਾ ਨੇ ਦੱਸਿਆ ਕਿ ਸਵ: ਬਲਬੀਰ ਸਿੰਘ ਗਰੇਵਾਲ ਭਾਈਚਾਰੇ ਵਿਚ ਇਕ ਪ੍ਰਤਿਸ਼ਠਾਵਾਨ ਅਤੇ ਸਤਿਕਾਰਯੋਗ ਸ਼ਖ਼ਸੀਅਤ ਸਨ। ਆਪਣੀ ਨਿਮਰਤਾ, ਸਿਆਣਪ ਅਤੇ ਮਜ਼ਬੂਤ ਕਦਰਾਂ-ਕੀਮਤਾਂ ਲਈ ਜਾਣੇ ਜਾਂਦੇ, ਉਹ ਇਕ ਅਜਿਹੇ ਇਨਸਾਨ ਸਨ, ਜਿਨ੍ਹਾਂ ਨੇ ਆਪਣੇ ਦਿਆਲੂ ਸੁਭਾਅ ਅਤੇ ਮਦਦਗਾਰ ਸੁਭਾਅ ਰਾਹੀਂ ਬਹੁਤ ਸਾਰੇ ਲੋਕਾਂ ਦੀਆਂ ਜ਼ਿੰਦਗੀਆਂ ਨੂੰ ਛੂਹਿਆ। ਆਪਣੀ ਸਾਰੀ ਜ਼ਿੰਦਗੀ ਦੌਰਾਨ ਉਨ੍ਹਾਂ ਨੇ ਇਮਾਨਦਾਰੀ ਅਤੇ ਸਮਾਜ ਦੀ ਸੇਵਾ ਦੇ ਸਿਧਾਂਤਾਂ ਨੂੰ ਕਾਇਮ ਰੱਖਿਆ। ਉਨ੍ਹਾਂ ਦੇ ਦੇਹਾਂਤ ਦੀ ਖ਼ਬਰ ਨੇ ਭਾਈਚਾਰੇ ਨੂੰ ਡੂੰਘੇ ਦੁੱਖ ਵਿਚ ਪਾ ਦਿੱਤਾ ਹੈ, ਕਿਉਂਕਿ ਉਨ੍ਹਾਂ ਨੂੰ ਉੱਚ ਚਰਿੱਤਰ ਅਤੇ ਪਰਉਪਕਾਰੀ ਵਿਅਕਤੀ ਮੰਨਿਆ ਜਾਂਦਾ ਸੀ। ਇਸ ਦੌਰੇ ਦੌਰਾਨ ਸੀਸੂ ਦੇ ਵਫ਼ਦ ਨੇ ਵਿੱਛੜੀ ਆਤਮਾ ਲਈ ਅਰਦਾਸ ਕੀਤੀ ਅਤੇ ਇਸ ਔਖੇ ਸਮੇਂ ਦੌਰਾਨ ਦੁਖੀ ਪਰਿਵਾਰ ਨੂੰ ਆਪਣਾ ਸਮਰਥਨ ਦਿੱਤਾ।

# ਹਥਿਆਰਬੰਦ ਲੁਟੇਰੇ ਸਵਰਨਕਾਰ ਤੋਂ ਲੱਖਾਂ ਰੁਪਏ ਮੁੱਲ ਦੇ ਗਹਿਣੇ ਲੁੱਟ ਕੇ ਹੋਏ ਫ਼ਰਾਰ

ਲੁਧਿਆਣਾ, 27 ਨਵੰਬਰ (ਪਰਮਿੰਦਰ ਸਿੰਘ ਆਹੂਜਾ)-ਸਥਾਨਕ ਕਿਚਲੂ ਨਗਰ ਵਿਚ ਬੀਤੀ ਦੇਰ ਰਾਤ ਹਥਿਆਰਬੰਦ ਲੁਟੇਰੇ ਇਕ ਸਵਰਨਕਾਰ ਤੋਂ ਲੱਖਾਂ ਰੁਪਏ ਮੁੱਲ ਦੇ ਗਹਿਣੇ ਲੁੱਟ ਕੇ ਫ਼ਰਾਰ ਹੋ ਗਏ। ਪੁਲਿਸ ਵਲੋਂ ਇਸ ਸਬੰਧੀ ਧੰਨਜੇ ਅਗਰਵਾਲ ਵਾਸੀ ਜਮਾਲਪੁਰ ਦੀ ਸ਼ਿਕਾਇਤ 'ਤੇ ਕੇਸ ਦਰਜ ਕਰ ਲਿਆ ਹੈ। ਪੁਲਿਸ ਪਾਸ ਲਿਖਵਾਈ ਮੁੱਢਲੀ ਰਿਪੋਰਟ ਵਿਚ ਸ਼ਿਕਾਇਤਕਰਤਾ ਨੇ ਦੱਸਿਆ ਕਿ ਉਸ ਦਾ ਕਾਲਜ ਰੋਡ 'ਤੇ ਸੋਨੇ ਦਾ ਕਾਰੋਬਾਰ ਹੈ ਅਤੇ ਬੀਤੇ ਦਿਨ ਉਹ ਦੁਕਾਨ ਬੰਦ ਕਰਕੇ ਕਿਚਲੂ ਨਗਰ ਸਥਿਤ ਪੋਪਲੀ ਮੈਡੀਕਲ ਹਾਲ ਤੋਂ ਦਵਾਈਆਂ ਲੈਣ ਲਈ ਗਿਆ ਸੀ। ਉਸ ਦੇ ਹੱਥ ਵਿਚ ਸੋਨੇ ਦੇ ਗਹਿਣਿਆਂ ਦਾ ਬੈਗ ਫੜਿਆ ਹੋਇਆ ਸੀ। ਉਸ ਨੇ ਦੱਸਿਆ ਕਿ ਇਸ ਦੌਰਾਨ ਉੱਥੇ ਕਥਿਤ ਦੋਸ਼ੀ ਆਏ ਤੇ ਉਨ੍ਹਾਂ ਨੇ ਉਸ ਨੂੰ ਬੈਗ ਦੇਣ ਦੀ ਕਿਹਾ, ਜਦੋਂ ਉਸ ਨੇ ਅਜਿਹਾ ਕਰਨ ਤੋਂ ਇਨਕਾਰ ਕੀਤਾ ਤਾਂ ਕਥਿਤ ਦੋਸ਼ੀ ਉਸ ਨਾਲ ਉਲਝ ਪਏ ਅਤੇ ਉਸ ਦਾ ਬੈਗ ਖੋਹ ਕੇ ਫ਼ਰਾਰ ਹੋ ਗਏ। ਬੈਗ ਵਿਚ 11 ਲੱਖ ਰੁਪਏ ਮੁੱਲ ਦੇ ਗਹਿਣੇ ਸਨ। ਪੁਲਿਸ ਵਲੋਂ ਇਸ ਸਬੰਧੀ ਕੇਸ ਦਰਜ ਕਰ ਲਿਆ ਤੇ ਜਾਂਚ ਕੀਤੀ ਜਾ ਰਹੀ ਹੈ। ਪੁਲਿਸ ਨੇ ਉੱਥੇ ਨੇੜੇ ਲੱਗੇ ਸੀ.ਸੀ. ਟੀਵੀ ਕੈਮਰੇ ਦੀ ਫੁਟੇਜ਼ ਵੀ ਕਬਜ਼ੇ ਵਿਚ ਲੈ ਲਈ ਤੇ ਜਾਂਚ ਕੀਤੀ ਜਾ ਰਹੀ ਹੈ, ਪਰ ਹਾਲ ਦੀ ਘੜੀ ਲੁਟੇਰਿਆਂ ਦਾ ਕਿਧਰੇ ਪਤਾ ਨਹੀਂ ਲੱਗਾ ਹੈ।

## ਸ਼ਹਿਨਾਈਆਂ



ਪੱਤਰਕਾਰ ਡਾਕਟਰ ਤਰਲੋਚਨ ਸਿੰਘ (ਲੁਧਿਆਣਾ) ਦੀ ਸਪੁੱਤਰੀ ਪ੍ਰਭਜੋਤ ਕੌਰ ਦਾ ਸ਼ੁੱਭ ਅਨੰਦ ਕਾਰਜ ਨਵਜੋਤ ਸਿੰਘ ਸਪੁੱਤਰ ਸ. ਰਜਿੰਦਰ ਸਿੰਘ, ਤਾਜਪੁਰ ਰੋਡ ਨਾਲ ਪੂਰਨ ਗੁਰ ਮਰਿਆਦਾ ਅਨੁਸਾਰ ਹੋਇਆ।

## ਵਰ੍ਹੇਗੰਢ ਮਨਾਈ



ਰਵਿੰਦਰ ਸਿੰਘ ਰਵੀ ਅਤੇ ਰਮਨਦੀਪ ਕੌਰ ਮੀਤ ਵਾਸੀ ਲੁਹਾਰਾ ਨੇ ਵਿਆਹ ਦੀ ਤੀਸਰੀ ਵਰ੍ਹੇਗੰਢ ਮਨਾਈ।



ਜਸਪਾਲ ਸਿੰਘ ਅਤੇ ਰਾਜਵਿੰਦਰ ਕੌਰ ਵਾਸੀ ਲੁਧਿਆਣਾ ਨੇ ਵਿਆਹ ਦੀ 28ਵੀਂ ਵਰ੍ਹੇਗੰਢ ਮਨਾਈ।

# ਕਾਰ ਚੋਰੀ ਕਰਨ ਦੇ ਮਾਮਲੇ ਵਿਚ ਨੌਜਵਾਨ ਖਿਲਾਫ ਕੇਸ ਦਰਜ

ਲੁਧਿਆਣਾ, 27 ਨਵੰਬਰ (ਆਹੂਜਾ)-ਪੁਲਿਸ ਨੇ ਕੰਵਲਜੀਤ ਸਿੰਘ ਪੁੱਤਰ ਸੁਰਜੀਤ ਸਿੰਘ ਵਾਸੀ ਪ੍ਰੀਤਮ ਨਗਰ ਦੀ ਸ਼ਿਕਾਇਤ 'ਤੇ ਦਿਲਪ੍ਰੀਤ ਸਿੰਘ ਵਾਸੀ ਸ਼ਹੀਦ ਭਗਤ ਸਿੰਘ ਨਗਰ ਵਾਸੀ ਧਾਂਦਰਾ ਰੋਡ ਖਿਲਾਫ ਕੇਸ ਦਰਜ ਕਰ ਲਿਆ ਹੈ। ਪੁਲਿਸ ਪਾਸ ਲਿਖਵਾਈ ਮੁੱਢਲੀ ਰਿਪੋਰਟ ਵਿਚ ਸ਼ਿਕਾਇਤ ਕਰਤਾ ਨੇ ਦੱਸਿਆ ਕਿ ਬੀਤੇ ਦਿਨ ਉਹ ਬੰਸੀ ਢਾਬਾ ਮਾਡਲ ਟਾਊਨ ਵਿਖੇ ਆਇਆ ਸੀ, ਜਦੋਂ ਉਹ ਰੋਟੀ ਲੈਣ ਲਈ ਅੰਦਰ ਗਿਆ ਤਾਂ ਉਸਦੀ ਕਾਰ ਦੀ ਚਾਬੀ ਨਹੀਂ ਸੀ, ਜਦੋਂ ਉਹ ਘਰ ਤੋਂ ਦੂਸਰੀ ਚਾਬੀ ਲੈ ਕੇ ਉਥੇ ਪਹੁੰਚਿਆ ਤਾਂ ਉਸ ਦੀ ਕਾਰ ਚੋਰੀ ਹੋ ਚੁੱਕੀ ਸੀ। ਉਸ ਦੱਸਿਆ ਕਿ ਉਸ ਨੂੰ ਪਤਾ ਲੱਗਿਆ ਕਿ ਉਕਤ ਕਥਿਤ ਦੋਸ਼ੀ ਉਸੀ ਕਾਰ ਨੂੰ ਚੋਰੀ ਕਰਕੇ ਫਰਾਰ ਹੋ ਗਿਆ ਹੈ, ਜਿਸ ਵਿਚ ਸ਼ਿਕਾਇਤ ਕਰਤਾ ਵੱਲੋਂ ਇਹ ਸਾਰਾ ਮਾਮਲਾ ਪਲਿਸ ਦੇ ਧਿਆਨ ਵਿਚ ਲਿਆਂਦਾ ਤਾਂ ਪੁਲਿਸ ਵੱਲੋਂ ਕਾਰਵਾਈ ਕਰਦਿਆਂ ਇਸ ਮਾਮਲੇ ਵਿਚ ਦਰਜ ਕਰ ਲਿਆ। ਹਾਲ ਦੀ ਘੜੀ ਇਸ ਮਾਮਲੇ ਵਿਚ ਕੋਈ ਗ੍ਰਿਫਤਾਰੀ ਨਹੀਂ ਕੀਤੀ ਗਈ ਹੈ। ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ।


**ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮੋਗਾ**

ਫੋਨ ਨੰਬਰ : 0163-235864

ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮੋਗਾ ਵਿਚ ਸਥਾਪਿਤ ਲੀਗਲ ਏਡ ਡਿਫੈਂਸ ਕੌਂਸਲ ਸਿਸਟਮ ਦੇ ਦਫ਼ਤਰ ਲਈ 01 ਡਿਪਟੀ ਚੀਫ ਲੀਗਲ ਏਡ ਡਿਫੈਂਸ ਕੌਂਸਲ ਅਤੇ 02 ਅਸਿਸਟੈਂਟ ਲੀਗਲ ਏਡ ਡਿਫੈਂਸ ਕੌਂਸਲ ਦੀਆਂ ਅਸਾਮੀਆਂ ਲਈ ਯੋਗ ਉਮੀਦਵਾਰਾਂ ਤੋਂ ਬਿਨੈਪੱਤਰਾਂ ਦੀ ਮੰਗ ਮਿਤੀ 12.12.2025 ਨੂੰ ਸ਼ਾਮ 05.00 ਵਜੇ ਤੱਕ ਕੀਤੀ ਜਾਂਦੀ ਹੈ। ਹੋਰ ਜਾਣਕਾਰੀ ਉਮੀਦਵਾਰ ਵੈੱਬਸਾਈਟ https://moga.dcourts.gov.in/ ਉੱਪਰ ਵੇਖ ਸਕਦੇ ਹਨ।

ਸਹੀ/-
(ਜ਼ਿਲ੍ਹਾ ਅਤੇ ਸੈਸ਼ਨ ਜੱਜ-ਸਹਿਤ-ਚੇਅਰਪਸਨ)
ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਮੋਗਾ।

ਮਿਤੀ 27.11.2025
PR-Advt. No. 3212/12/2025-26/5471



**PSPCL ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ**

(ਆਫਿਸ : ਐਸ ਐਸ ਈ-ਰਾਜਪੁਰਾ, ਪੀ ਐਸ ਪੀ ਸੀ ਐਲ ਪਟਿਆਲਾ)
Email :-aee-sse-rajpura@pspcl.in, Mob. No. 96461-10140

**ਜਨਤਕ ਸੂਚਨਾ**

ਸ੍ਰੀ ਅੰਮ੍ਰਿਤਪਾਲ ਸਿੰਘ ਆਰ.ਟੀ.ਐਮ. ਪੁੱਤਰ ਸ੍ਰੀ ਲਛਮਣ ਸਿੰਘ, ਮਕਾਨ ਨੰਬਰ-05, ਗਲੀ ਨੰਬਰ-01, ਪਿੰਡ ਬਾਰਨ, ਤਹਿਸੀਲ ਤੇ ਜ਼ਿਲ੍ਹਾ ਪਟਿਆਲਾ, ਪੰਜਾਬ-147001

ਜਦੋਂ ਕਿ ਸਮਰੱਥ ਅਧਿਕਾਰੀ ਵਲੋਂ ਆਪਣੇ ਦਫ਼ਤਰੀ ਹੁਕਮ ਨੰਬਰ-142, ਮਿਤੀ 10.09.2025 ਰਾਹੀਂ ਨਿਮਨ ਹਸਤਾਖਰ ਨੂੰ ਪੰਜਾਬ ਰਾਜ ਬਿਜਲੀ ਬੋਰਡ (ਹੁਣ ਪਾਵਰਕਾਮ) ਦੇ ਕਰਮਚਾਰੀ ਸਜ਼ਾ ਅਤੇ ਅਪੀਲ ਰੇਗੂਲੇਸ਼ਨ 1971 ਦੇ ਵਿਨਿਯਮ ਨੰਬਰ 8 ਅਤੇ 9 ਦੇ ਰੂਲ ਅਧੀਨ ਸ੍ਰੀ ਅੰਮ੍ਰਿਤਪਾਲ ਸਿੰਘ ਆਰ.ਟੀ.ਐਮ. ਨੂੰ ਜਾਰੀ ਦੋਸ਼ ਸੂਚੀ ਨੰ: ਸੀ-04, ਮਿਤੀ 10.07.2025 ਵਿਚ ਦਰਜ ਦੋਸ਼ਾਂ ਦੀ ਪੜਤਾਲ ਕਰਨ ਲਈ ਪੜਤਾਲੀਆ ਅਫ਼ਸਰ ਨਿਯੁਕਤ ਕੀਤਾ ਗਿਆ।

ਮੁਦਾਲੇ ਨੂੰ ਉਸ ਦੇ ਉਪਰੋਕਤ ਪਤੇ 'ਤੇ ਦੋਸ਼ ਸੂਚੀ ਨੰ: ਸੀ-04, ਮਿਤੀ 10.07.2025 ਦੀ ਰਿਸੀਵਿੰਗ ਉਸ (ਸ੍ਰੀ ਅੰਮ੍ਰਿਤਪਾਲ ਸਿੰਘ ਆਰ.ਟੀ.ਐਮ.) ਦੇ ਘਰ ਜਾ ਕੇ ਕਰਵਾਉਣ ਲਈ ਐਸ. ਐਸ. ਈ.-02. ਪਟਿਆਲਾ ਦਫ਼ਤਰ ਦੇ ਕਰਮਚਾਰੀ ਨੂੰ ਭੇਜਿਆ ਗਿਆ। ਦੋਸ਼ ਸੂਚੀ ਦੀ ਰਿਸੀਵਿੰਗ ਮੁਦਾਲੇ ਦੀ ਮਾਤਾ ਜੀ ਵਲੋਂ ਕੀਤੀ ਗਈ, ਕਿਉਂਕਿ ਮੁਦਾਲਾ ਘਰ ਵਿਚ ਮੌਜੂਦ ਨਹੀਂ ਸੀ। ਮੁਦਾਲੇ ਨੂੰ ਜਾਰੀ ਦੋਸ਼ ਸੂਚੀ ਦੀ ਜਵਾਬ ਤਲਬੀ ਲਈ ਐਸ.ਐਸ.ਈ.-2, ਪਟਿਆਲਾ ਦੇ ਦਫ਼ਤਰ ਵਲੋਂ ਮੁਦਾਲੇ ਨੂੰ ਪੱਤਰ ਨੰ: 598. ਮਿਤੀ 28.07.2025 ਰਾਹੀਂ ਅਤੇ ਟੈਲੀਫੋਨਿਕ ਕਾਲ ਜਾਂ ਮੈਸਿਜ ਰਾਹੀਂ ਵੀ ਕਿਹਾ ਗਿਆ ਸੀ, ਪ੍ਰੰਤੂ ਦਫ਼ਤਰੀ ਰਿਕਾਰਡ ਅਨੁਸਾਰ ਮੁਦਾਲੇ ਵਲੋਂ ਅੱਜ ਤੱਕ ਦੋਸ਼ ਸੂਚੀ ਦਾ ਕੋਈ ਜਵਾਬ ਨਹੀਂ ਦਿੱਤਾ ਗਿਆ ਹੈ। ਮੁਦਾਲੇ ਨੂੰ ਉਸ ਦੇ ਜੋਇਨਿੰਗ ਸੰਬੰਧੀ ਦਸਤਾਵੇਜ਼ ਚੈੱਕ ਕਰਵਾਉਣ ਹਿੱਤ ਉਪ ਸਕੱਤਰ/ਜ਼ੋਨਜ਼-1, ਪਟਿਆਲਾ ਦੇ ਦਫ਼ਤਰ ਵਿਖੇ ਪੇਸ਼ ਹੋਣ ਲਈ ਐਸ.ਐਸ.ਈ.-2, ਪਟਿਆਲਾ ਦੇ ਦਫ਼ਤਰ ਵਲੋਂ ਮੁਦਾਲੇ ਨੂੰ ਪੱਤਰ ਨੰ: 682, ਮਿਤੀ 12.09.2025 ਲਿਖਿਆ ਗਿਆ ਅਤੇ ਪੱਤਰ ਸਹਿਤ ਐਸ.ਐਸ.ਈ.-2, ਪਟਿਆਲਾ ਅਤੇ ਜੇ.ਈ. ਸਬ-ਸਟੇਸ਼ਨ ਬਾਰਨ ਵਲੋਂ ਸ੍ਰੀ ਅੰਮ੍ਰਿਤਪਾਲ ਸਿੰਘ ਆਰ.ਟੀ.ਐਮ. ਦੇ ਘਰ ਵਿਜ਼ਿਟ ਕੀਤਾ ਗਿਆ। ਮੁਦਾਲਾ (ਸ੍ਰੀ ਅੰਮ੍ਰਿਤਪਾਲ ਸਿੰਘ ਆਰ.ਟੀ.ਐਮ.) ਘਰ ਵਿਚ ਮੌਜੂਦ ਨਹੀਂ ਸੀ। ਮੌਕੇ 'ਤੇ ਮੁਦਾਲੇ ਦੇ ਮਾਤਾ ਜੀ ਵਲੋਂ ਦੱਸਿਆ ਗਿਆ ਹੈ ਕਿ ਉਹ ਇਕ ਮਹੀਨੇ ਲਈ ਦਿੱਲੀ ਗਿਆ ਹੋਇਆ ਹੈ। ਇਸ ਤੋਂ ਇਲਾਵਾ ਐਸ.ਐਸ.ਈ.-2, ਪਟਿਆਲਾ ਦੇ ਦਫ਼ਤਰ ਵਲੋਂ ਪਹਿਲਾਂ ਵੀ ਕਿਸੇ ਕਰਮਚਾਰੀ ਨੂੰ ਮਿਤੀ 15.07.2025 ਅਤੇ 11.09.2025 ਨੂੰ ਮੁਦਾਲਾ (ਸ੍ਰੀ ਅੰਮ੍ਰਿਤਪਾਲ ਸਿੰਘ ਆਰ.ਟੀ.ਐਮ.) ਦੇ ਘਰ ਭੇਜਿਆ ਗਿਆ ਸੀ। ਪ੍ਰੰਤੂ ਉਹ ਘਰ ਵਿਚ ਮੌਜੂਦ ਨਹੀਂ ਮਿਲਿਆ। ਮੁਦਾਲੇ ਨੂੰ ਨਿਮਨਹਸਤਾਖਰ ਵਲੋਂ ਉਸ ਦੇ ਉਪਰੋਕਤ ਪਤੇ 'ਤੇ ਰਜਿਸਟਰਡ ਸੰਮਨ ਪਹਿਲਾ ਨੋਟਿਸ/ਪੱਤਰ ਨੰਬਰ-843, ਮਿਤੀ 26.09.2025, ਦੂਜਾ ਨੋਟਿਸ/ਪੱਤਰ ਨੰਬਰ-897, ਮਿਤੀ 13.10.2025, ਤੀਜਾ ਨੋਟਿਸ / ਪੱਤਰ ਨੰਬਰ-933, ਮਿਤੀ 28.10.2025 ਅਤੇ ਚੌਥਾ ਨੋਟਿਸ/ਪੱਤਰ ਨੰਬਰ-952, ਮਿਤੀ 06.11.2025 ਰਾਹੀਂ ਨਿਮਨਹਸਤਾਖਰ/ਇਨਕੁਆਰੀ ਅਫ਼ਸਰ ਸਾਹਮਣੇ ਪੇਸ਼ ਹੋ ਕੇ ਦੋਸ਼ ਸੂਚੀ ਸੰਬੰਧੀ ਆਪਣੀ ਸਫਾਈ ਪੇਸ਼ ਕਰਨ ਜਾਂ ਪੱਖ ਰੱਖਣ ਲਈ ਜਾਂ ਕੁਝ ਕਹਿਣ ਲਈ ਹਦਾਇਤ ਕੀਤੀ ਗਈ ਸੀ। ਇਸ ਦੇ ਨਾਲ ਹੀ ਸੰਬੰਧਿਤ ਦਫ਼ਤਰ ਦੇ ਕਰਮਚਾਰੀ ਰਾਹੀਂ ਮੁਦਾਲੇ ਦੁਆਰਾ ਦਿੱਤੇ ਪਤੇ ਉੱਤੇ ਉਸ (ਸ੍ਰੀ ਅੰਮ੍ਰਿਤਪਾਲ ਸਿੰਘ ਆਰ.ਟੀ.ਐਮ.) ਨੂੰ ਉਕਤ ਦਰਸਾਏ ਚਾਰੋਂ ਨੋਟਿਸ/ਪੱਤਰ ਰਿਸੀਵ ਕਰਵਾਉਣ ਲਈ ਵੀ ਨਿਰਧਾਰਿਤ ਮਿਤੀ ਤੋਂ ਪਹਿਲਾਂ ਭਿਜਵਾਇਆ ਗਿਆ ਅਤੇ ਚਾਰੋਂ ਨੋਟਿਸ/ਪੱਤਰ ਮੁਦਾਲੇ ਦੁਆਰਾ ਦਿੱਤੀ ਗਈ ਈ-ਮੇਲ ਆਈ.ਡੀ.-bilfabarnia6676@gmail.com ਅਤੇ ਮੋਬਾਈਲ ਨੰਬਰ-91154-40007 ਉੱਤੇ ਚਲਦੇ ਵਟਸਐਪ ਉੱਤੇ ਵੀ ਨਿਰਧਾਰਿਤ ਮਿਤੀ ਤੋਂ ਪਹਿਲਾਂ ਭਿਜਵਾਏ ਗਏ ਪਰ ਮੁਦਾਲਾ ਉਪਰੋਕਤ ਪੱਤਰਾਂ ਅਨੁਸਾਰ ਦਿੱਤੀਆਂ ਮਿਤੀਆਂ 'ਤੇ ਇਨਕੁਆਰੀ ਅਫ਼ਸਰ ਸਾਹਮਣੇ ਹਾਜ਼ਰ ਨਹੀਂ ਹੋਇਆ। ਮੁਦਾਲੇ ਦੁਆਰਾ ਨਿਮਨਹਸਤਾਖਰ ਵਲੋਂ ਭੇਜਿਆ ਨੋਟਿਸ/ਪੱਤਰ ਨੰਬਰ-843, ਮਿਤੀ 26.09.2025 ਪ੍ਰਾਪਤ ਕਰ ਲਿਆ ਗਿਆ, ਪ੍ਰੰਤੂ ਉਹ (ਸ੍ਰੀ ਅੰਮ੍ਰਿਤਸਪਾਲ ਸਿੰਘ ਆਰ.ਟੀ.ਐਮ.) ਨਿਰਧਾਰਿਤ ਮਿਤੀ ਉੱਤੇ ਦਿੱਤੇ ਗਏ ਸਮੇਂ ਅਨੁਸਾਰ ਨਿਮਨਹਸਤਾਖਰ ਸਨਮੁਖ ਪੇਸ਼ ਨਹੀਂ ਹੋਇਆ। ਇਸ ਦੀ ਬਜਾਏ ਮੁਦਾਲੇ ਵਲੋਂ ਆਪਣੇ ਸਾਥੀ ਰਾਹੀਂ ਇਕ ਬੇਨਤੀ ਪੱਤਰ ਭੇਜਿਆ, ਜਿਸ ਉੱਤੇ ਮੁਦਾਲੇ ਵਲੋਂ ਗਲਤ ਮਿਤੀ 03.08.2025 ਦਰਜ ਕੀਤੀ ਗਈ ਸੀ ਅਤੇ ਵਧੇਰੇ ਸਮੇਂ ਦੀ ਮੰਗ ਕੀਤੀ ਗਈ। ਇਸ ਉਪਰੰਤ ਤਿੰਨ ਵਾਰ ਹੋਰ ਵਧੇਰੇ ਸਮਾਂ ਦੇਣ ਦੇ ਬਾਵਜੂਦ ਵੀ ਮੁਦਾਲਾ ਨਿਮਨਹਸਤਾਖਰ ਸਨਮੁਖ ਪੇਸ਼ ਨਹੀਂ ਹੋਇਆ।

ਜਿਵੇਂ ਕਿ ਸਪੱਸ਼ਟ ਹੈ ਕਿ ਸ੍ਰੀ ਅੰਮ੍ਰਿਤਪਾਲ ਸਿੰਘ ਆਰ.ਟੀ.ਐਮ. ਨੂੰ ਸਾਧਾਰਨ ਤਰੀਕੇ ਨਾਲ ਇਸ ਅਦਾਲਤ ਵਿਚ/ਪੜਤਾਲੀਆ ਅਫ਼ਸਰ ਸਾਹਮਣੇ ਪੇਸ਼ ਨਹੀਂ ਕਰਵਾਇਆ ਜਾ ਸਕਦਾ। ਇਸ ਲਈ ਹੁਣ ਉੱਤਰਦਾਇਕ ਕਰਮਚਾਰੀ ਨੂੰ ਇਸ ਪਬਲਿਕ ਨੋਟਿਸ ਰਾਹੀਂ ਹਦਾਇਤ ਕੀਤੀ ਜਾਂਦੀ ਹੈ ਕਿ ਉਹ ਇਸ ਨੋਟਿਸ ਦੇ ਛਪਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਨਿਮਨਹਸਤਾਖਰ ਦੀ ਅਦਾਲਤ ਵਿਚ/ਪੜਤਾਲੀਆ ਅਫ਼ਸਰ ਸਾਹਮਣੇ ਹਾਜ਼ਰ ਹੋ ਕੇ ਆਪਣਾ ਪੱਖ ਰੱਖਣ ਅਤੇ ਅਜਿਹਾ ਨਾ ਕਰਨ ਦੀ ਸੂਰਤ ਵਿਚ ਬਿਨਾਂ ਕੋਈ ਹੋਰ ਸੂਚਨਾ ਦਿੱਤੇ ਉਨ੍ਹਾਂ ਦੇ ਵਿਰੁੱਧ ਇਸ ਵਿਭਾਗੀ ਪੜਤਾਲ ਦਾ ਇਕਤਰਫ਼ਾ ਫ਼ੈਸਲਾ ਕਰ ਦਿੱਤਾ ਜਾਵੇਗਾ।

C-828/25
PR-Advt. No: 1079/12/2025-26/5449
ਸਹੀ/-, ਇਨਕੁਆਰੀ ਅਫ਼ਸਰ-ਕਮ-ਐਸ.ਐਸ.ਈ. ਪੀ.ਐਸ.ਪੀ.ਸੀ.ਐਲ, ਰਾਜਪੁਰਾ



**ਪੰਜਾਬ ਸਰਕਾਰ**
**ਸਥਾਨਕ ਸਰਕਾਰ ਵਿਭਾਗ**
**ਨਗਰ ਪੰਚਾਇਤ ਨਡਾਲਾ**
http://eproc.punjab.gov.in

ਵਿਭਾਗ ਸਥਾਨਕ ਸਰਕਾਰ, ਐਨ. ਪੀ ਨਡਾਲਾ ਦੁਆਰਾ ਟੈਂਡਰ/ਆਰ ਪੀ ਐਫ ਲਈ ਆਨਲਾਈਨ ਬੋਲੀ ਦੀ ਮੰਗ ਕੀਤੀ ਜਾਂਦੀ ਹੈ।
**ਸ਼ੁਰੂਆਤੀ ਮਿਤੀ ਅਤੇ ਸਮਾਂ** : 24.11.2025 ਸਵੇਰੇ 9.00 ਵਜੇ ਤੋਂ
**ਅੰਤਿਮ ਮਿਤੀ ਅਤੇ ਸਮਾਂ** : 15.12.2025 ਸ਼ਾਮ 5.00 ਵਜੇ ਤੱਕ
**ਰਾਸ਼ੀ** : 252.97 ਲੱਖ
ਵੇਰਵਿਆਂ ਲਈ ਲਾਗਆਨ ਕਰੋ : http://eproc.punjab.gov.in
ਨੋਟ : ਟੈਂਡਰ/ਆਰ ਪੀ ਐਫ ਨੋਟਿਸ ਸੰਬੰਧੀ ਕੋਈ ਸੋਧ ਕੇਵਲ ਉਪਰੋਕਤ ਵੈੱਬਸਾਈਟ 'ਤੇ ਪ੍ਰਕਾਸ਼ਿਤ ਕੀਤੀ ਜਾਵੇਗੀ।

ਸਹੀ/- ਕਾਰਜਕਾਰੀ ਅਧਿਕਾਰੀ, ਐਨ.ਪੀ. ਨਡਾਲਾ।
PR-Advt. No. 1799/12/2025-26/5477



**ਵਿਗਿਆਪਨ**
**ਪੰਜਾਬ ਲੋਕ ਸੇਵਾ ਕਮਿਸ਼ਨ ਦੇ ਦੋ ਮੈਂਬਰਾਂ ਦੀਆਂ ਅਸਾਮੀਆਂ ਪ੍ਰਾਪਤ ਕਰਨ ਸੰਬੰਧੀ ਨੋਟਿਸ**

(ਇਸ਼ਤਿਹਾਰ ਮਿਤੀ : 08.02.2024, ਮਿਤੀ : 07.03.2024 ਅਤੇ ਮਿਤੀ : 18.04.2025) ਦੀ ਲਗਾਤਾਰਤਾ ਵਿਚ

ਪੰਜਾਬ ਪਬਲਿਕ ਸਰਵਿਸ ਕਮਿਸ਼ਨ ਦੇ 02 ਮੈਂਬਰ (ਨਾਨ-ਆਫਿਸ਼ੀਅਲ) ਦੀਆਂ ਅਸਾਮੀਆਂ ਨੂੰ ਭਰਨ ਲਈ ਬੇਦਾਗ਼, ਇਮਾਨਦਾਰ, ਉੱਚ ਲਿਆਕਤ ਅਤੇ ਪ੍ਰਸ਼ਾਸਨਿਕ ਤਜਰਬੇ ਵਾਲੇ ਉੱਘੇ ਵਿਅਕਤੀਆਂ ਤੋਂ ਅਰਜੀਆਂ ਦੀ ਮੰਗ ਕੀਤੀ ਜਾਂਦੀ ਹੈ। ਅਰਜੀਆਂ ਦੇਣ ਸਮੇਂ ਹੇਠ ਲਿਖੇ ਨੁਕਤਿਆਂ ਨੂੰ ਧਿਆਨ ਵਿਚ ਰੱਖਿਆ ਜਾਵੇ।

(ਏ) ਬਿਨੈਕਾਰ ਵਲੋਂ ਉਸ ਵਿਰੁੱਧ ਪੈਂਡਿੰਗ ਕਿਸੇ ਦੀਵਾਨੀ, ਅਪਰਾਧਿਕ, ਪ੍ਰਸ਼ਾਸਨਿਕ ਜਾਂ ਕਿਸੇ ਹੋਰ ਕਾਰਵਾਈ ਜਿਸ ਦਾ ਅਸਰ ਉਸ ਦੀ ਦਿਆਨਤਦਾਰੀ ਅਤੇ ਚਰਿੱਤਰ 'ਤੇ ਪੈ ਸਕਦਾ ਹੈ, ਸੰਬੰਧੀ ਸਪੱਸ਼ਟ ਜ਼ਿਕਰ ਕਰਨਾ ਹੋਵੇਗਾ।

(ਬੀ) ਮੈਂਬਰ (ਨਾਨ-ਆਫਿਸ਼ੀਅਲ) ਦੀ ਅਸਾਮੀ ਲਈ ਵਿਚਾਰੇ ਜਾਣ ਵਾਸਤੇ ਬਿਨੈਕਾਰ ਜਨਤਕ ਜ਼ਿੰਦਗੀ ਵਿਚ ਨਾਮਵਰ ਵਿਅਕਤੀ ਹੋਵੇ, ਜਿਸ ਨੂੰ ਕਾਨੂੰਨ, ਸਾਇੰਸ ਤੇ ਤਕਨਾਲੋਜੀ, ਸਮਾਜ ਸੇਵਾ, ਮੈਨੇਜਮੈਂਟ, ਜਰਨਲਿਜ਼ਮ, ਮਾਸ ਮੀਡੀਆ, ਪ੍ਰਸ਼ਾਸਨ, ਗਵਰਨੈਂਸ ਸੰਬੰਧੀ ਡੂੰਘਾ ਗਿਆਨ ਅਤੇ ਤਜਰਬਾ ਹੋਵੇ ਜਾਂ ਉੱਘਾ ਸਿੱਖਿਆ-ਸ਼ਾਸਤਰੀ ਹੋਵੇ ਜਾਂ ਉੱਚ ਅਕਾਦਮਿਕ ਰੁਤਬੇ ਵਾਲਾ ਹੋਵੇ ਜਾਂ ਕਿਸੇ ਹੋਰ ਵਿਦਵਾਨ ਕਿੱਤੇ ਦਾ ਮੈਂਬਰ ਹੋਵੇ।

(ਸੀ) ਬਿਨੈਕਾਰ ਦੀ ਉਮਰ ਜਨਤਕ ਸੂਚਨਾ ਜਾਰੀ ਹੋਣ ਦੀ ਮਿਤੀ ਨੂੰ 62 ਸਾਲਾਂ ਤੋਂ ਘੱਟ ਹੋਵੇ।

ਅਰਜ਼ੀਆਂ, ਸਮੇਤ ਮੁਕੰਮਲ ਬਾਇਓਡਾਟਾ (ਉਪਰੋਕਤ (ਏ) ਤੋਂ (ਸੀ) ਵਾਲੀ ਸਾਰੀ ਸੂਚਨਾ ਨਾਲ) ਦਫ਼ਤਰ ਸਕੱਤਰ ਪ੍ਰਸੋਨਲ, ਪੰਜਾਬ ਸਰਕਾਰ (ਪੀਪੀ-3 ਸ਼ਾਖਾ) ਕਮਰਾ ਨੰ: 14, 6ਵੀਂ ਮੰਜ਼ਿਲ, ਪੰਜਾਬ ਸਿਵਲ ਸਕੱਤਰੇਤ, ਸੈਕਟਰ-1, ਚੰਡੀਗੜ੍ਹ ਵਿਖੇ ਮਿਤੀ : 12.12.2025 ਨੂੰ ਸ਼ਾਮ 05.00 ਵਜੇ ਤੱਕ ਪੁੱਜ ਜਾਣੀਆਂ ਚਾਹੀਦੀਆਂ ਹਨ।

ਨੋਟ :- ਪਹਿਲਾਂ ਦਿੱਤੇ ਗਏ ਇਸ਼ਤਿਹਾਰਾਂ ਵਿਚੋਂ 02 ਅਸਾਮੀਆਂ (ਆਫਿਸ਼ੀਅਲ ਮੈਂਬਰ) ਭਰ ਲਈਆਂ ਗਈਆਂ ਹਨ। ਜਿਨ੍ਹਾਂ ਬਿਨੈਕਾਰਾਂ ਵਲੋਂ ਨਾਨ-ਆਫਿਸ਼ੀਅਲ ਮੈਂਬਰ ਦੀ ਅਸਾਮੀ ਲਈ ਇਸ਼ਤਿਹਾਰ ਮਿਤੀ : 08.02.2024, 07.03.2024 ਅਤੇ 18.04.2025 ਦੇ ਸਨਮੁਖ ਪਹਿਲਾਂ ਹੀ ਅਪਲਾਈ ਕੀਤਾ ਹੋਇਆ ਹੈ, ਉਨ੍ਹਾਂ ਨੂੰ ਦੁਬਾਰਾ ਅਪਲਾਈ ਕਰਨ ਦੀ ਜ਼ਰੂਰਤ ਨਹੀਂ ਹੈ।

ਸਕੱਤਰ, ਪ੍ਰਸੋਨਲ ਵਿਭਾਗ, ਪੰਜਾਬ ਸਰਕਾਰ
PR-Advt. No. : 1820/12/2025-26/5482



**ਪੰਜਾਬ ਸਰਕਾਰ**
ਟੈਂਡਰ ਹਵਾਲਾ ਨੰ: E-Tender-NP KHANAURI/2025-26/5

| | | |
|---|---|---|
| ਵਿਭਾਗ | : | ਨਗਰ ਪੰਚਾਇਤ ਖਨੌਰੀ, ਜ਼ਿਲ੍ਹਾ ਸੰਗਰੂਰ ਸਿਵਲ ਕੰਮਾਂ ਲਈ ਬੋਲੀ ਦੀ ਮੰਗ ਕਰਦਾ ਹੈ। |
| ਅੰਤਿਮ ਮਿਤੀ ਅਤੇ ਸਮਾਂ | : | ਅੰਤਿਮ ਮਿਤੀ 18/12/2025 ਸਮਾਂ ਸਵੇਰੇ 11.00 ਵਜੇ ਤੱਕ |
| ਵੇਰਵਿਆਂ ਲਈ ਲਾਗਆਨ ਕਰੋ | : | https://www.eproc.punjab.gov.in |

ਟਿੱਪਣੀ : ਟੈਂਡਰ ਨੋਟਿਸ ਸੰਬੰਧੀ ਕੋਈ ਸੋਧ (ਸੋਧਾਂ) ਕੇਵਲ ਉਪਰੋਕਤ ਵੈੱਬਸਾਈਟ 'ਤੇ ਪ੍ਰਕਾਸ਼ਿਤ ਕੀਤੀ ਜਾਵੇਗੀ।

ਸਹੀ/- ਪ੍ਰਧਾਨ, ਨਗਰ ਪੰਚਾਇਤ, ਖਨੌਰੀ
ਸਹੀ/- ਕਾਰਜਕਾਰੀ ਅਧਿਕਾਰੀ, ਨਗਰ ਕੌਂਸਲ, ਖਨੌਰੀ।
PR-Advt. No. : 1229/12/2025-26/5440



**ਪੰਜਾਬ ਸਰਕਾਰ**
**ਸਥਾਨਕ ਸਰਕਾਰ ਵਿਭਾਗ**
**ਨਗਰ ਕੌਂਸਲ, ਸੁਲਤਾਨਪੁਰ ਲੋਧੀ**
http://eproc.punjab.gov.in

ਸਥਾਨਕ ਸਰਕਾਰ ਵਿਭਾਗ, ਐਮ.ਸੀ. ਸੁਲਤਾਨਪੁਰ ਲੋਧੀ ਦੁਆਰਾ ਟੈਂਡਰ/ਆਰ ਪੀ ਐਫ ਲਈ ਆਨਲਾਈਨ ਬੋਲੀ ਦੀ ਮੰਗ ਕੀਤੀ ਜਾਂਦੀ ਹੈ।
ਸ਼ੁਰੂਆਤੀ ਮਿਤੀ ਅਤੇ ਸਮਾਂ : 24.11.2025 ਨੂੰ ਸਵੇਰੇ 9.00 ਵਜੇ
ਅੰਤਿਮ ਮਿਤੀ ਅਤੇ ਸਮਾਂ : 15.12.2025 ਸ਼ਾਮ 5.00 ਵਜੇ ਤੱਕ
ਰਾਸ਼ੀ : 1351.08 ਲੱਖ
ਵੇਰਵਿਆਂ ਲਈ ਲਾਗਆਨ ਕਰੋ : http://eproc.punjab.gov.in
ਟਿੱਪਣੀ : ਟੈਂਡਰ/ਆਰ ਪੀ ਐਫ ਨੋਟਿਸ ਲਈ ਕੋਈ ਸੋਧ ਕੇਵਲ ਉਪਰੋਕਤ ਵੈੱਬਸਾਈਟ 'ਤੇ ਪ੍ਰਕਾਸ਼ਿਤ ਕੀਤੀ ਜਾਵੇਗੀ।

ਸਹੀ/-ਕਾਰਜਕਾਰੀ ਅਧਿਕਾਰੀ, ਐਮ.ਸੀ. ਸੁਲਤਾਨਪੁਰ ਲੋਧੀ
PR-Advt. No :- 1781/12/2025-26/5421



**ਪੰਜਾਬ ਸਰਕਾਰ**

ਨਗਰ ਪੰਚਾਇਤ ਵਿਭਾਗ ਦਿੜਬਾ (ਸੰਗਰੂਰ) ਦੁਆਰਾ ਦਿੜਬਾ ਵਿਖੇ ਵੱਖ-ਵੱਖ ਵਾਰਡਾਂ ਵਿਚ ਵਿਕਾਸ ਕੰਮਾਂ ਲਈ ਆਨਲਾਈਨ ਬੋਲੀਆਂ ਦੀ ਮੰਗ ਕੀਤੀ ਜਾਂਦੀ ਹੈ।

| ਟੈਂਡਰ ਸ਼ਡਿਊਲ | ਟੈਂਡਰ/ਆਰ.ਐਫ.ਪੀ. ਹਵਾਲਾ ਨੰ: ਈ-ਟੈਂਡਰ | ਟੈਂਡਰ/ਆਰ ਐਫ ਪੀ ਹਵਾਲਾ ਨੰ: ਈ-ਟੈਂਡਰ | ਟੈਂਡਰ/ਆਰ ਐਫ ਪੀ ਹਵਾਲਾ ਨੰ: ਈ-ਟੈਂਡਰ |
|---|---|---|---|
| | LG/NPDIRBA/2025-26/09 | LG/NPDIRBA/2025-26/10 | LG/NPDIRBA/2025-26/11 |
| ਅੰਤਿਮ ਮਿਤੀ ਅਤੇ ਸਮਾਂ | ਮਿਤੀ : 09.12.2025 ਸਮਾਂ : ਸਵੇਰੇ 11:00 ਵਜੇ | ਮਿਤੀ : 15.12.2025 ਸਮਾਂ : ਦੁਪਹਿਰ 12:00 ਵਜੇ | ਮਿਤੀ : 22.12.2025 ਸਮਾਂ : ਦੁਪਹਿਰ 12:00 ਵਜੇ |
| ਪੂਰਵ-ਬੋਲੀ ਮੀਟਿੰਗ : | ਮਿਤੀ : 01.12.2025 ਸਮਾਂ : ਸਵੇਰੇ 11:00 ਵਜੇ | ............................ | ਮਿਤੀ : 12.12.2025 ਸਮਾਂ : ਦੁਪਹਿਰ 12:00 ਵਜੇ |

ਵੇਰਵੇ ਲਈ ਲਾਗਆਨ ਕਰੋ :- www.eproc.punjab.gov.in
ਨੋਟ :- ਟੈਂਡਰ/ਆਰ ਐਫ ਪੀ ਨੋਟਿਸ ਸੰਬੰਧੀ ਕੋਈ ਸੋਧ (ਸੋਧਾਂ) ਕੇਵਲ ਉਪਰੋਕਤ ਵੈੱਬਸਾਈਟ 'ਤੇ ਪ੍ਰਕਾਸ਼ਿਤ ਕੀਤੀ ਜਾਵੇਗੀ।

ਸਹੀ/- ਪ੍ਰਧਾਨ, ਨਗਰ ਪੰਚਾਇਤ ਦਿੜਬਾ।
ਸਹੀ/- ਕਾਰਜਕਾਰੀ ਅਧਿਕਾਰੀ, ਨਗਰ ਪੰਚਾਇਤ ਦਿੜਬਾ।
PR-Advt. No.: 1228/12/2025-26/5423



**ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਪਟਿਆਲਾ ਡਿਪੂ**
**SHORT TENDER NOTICE**
**(Press Note)**

ਪੀ.ਆਰ.ਟੀ.ਸੀ. ਪਟਿਆਲਾ ਡਿਪੂ ਦੇ ਅਧਿਕਾਰਤ ਖੇਤਰ ਅਧੀਨ ਆਉਂਦੇ ਨਵੇਂ ਬੱਸ ਸਟੈਂਡ ਪਟਿਆਲਾ ਵਿਖੇ ਸਥਿਤ ਦੁਕਾਨਾਂ ਨੂੰ 11 ਮਹੀਨਿਆਂ ਲਈ ਲਾਇਸੈਂਸੀ ਆਧਾਰ 'ਤੇ ਦੇਣ ਲਈ ਮਿਤੀ 28.11.2025 ਨੂੰ ਮੋਹਰਬੰਦ ਟੈਂਡਰਾਂ ਦੀ ਮੰਗ ਕੀਤੀ ਜਾਂਦੀ ਹੈ। ਇਹ ਸੀਲ ਬੰਦ ਟੈਂਡਰ ਮਿਤੀ 08.12.2025 ਨੂੰ ਦੁਪਹਿਰ 12.00 ਵਜੇ ਤੱਕ ਪ੍ਰਾਪਤ ਕੀਤੇ ਜਾਣਗੇ ਅਤੇ ਉਸੇ ਦਿਨ ਬਾਅਦ ਦੁਪਹਿਰ 3.00 ਵਜੇ ਟੈਂਡਰਕਰਤਾ ਜਾਂ ਉਨ੍ਹਾਂ ਦੇ ਅਧਿਕਾਰਤ ਪ੍ਰਤੀਨਿਧੀਆਂ ਦੀ ਮੌਜੂਦਗੀ ਵਿਚ ਖੋਲ੍ਹੇ ਜਾਣਗੇ। ਟੈਂਡਰ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :

| ਕਲੱਸਟਰ ਨੰ: | ਨਵੇਂ ਬੱਸ ਸਟੈਂਡ ਪਟਿਆਲਾ ਸਥਿਤ ਦੁਕਾਨਾਂ ਦਾ ਵੇਰਵਾ | ਦੁਕਾਨਾਂ ਲਈ ਰਿਜ਼ਰਵ ਕੀਮਤ (ਬਿਨਾਂ ਖਰਚੇ) | ਅਰਨਸਟ ਮਨੀ (ਰੁਪਏ ਵਿਚ) | ਪ੍ਰਤੀ ਟੈਂਡਰ ਫੀਸ (ਨਾ-ਮੋੜਨਯੋਗ) |
|---|---|---|---|---|
| 1. | ਦੁਕਾਨ ਨੰ: 1, 5, 6, 7 ਅਤੇ 8 | ₹ 5,59,710/- | ₹ 12,000/- | ₹ 1500/- |
| 2. | ਦੁਕਾਨ ਨੰ: 2, 9, 10, 11, 12, 14, 15 ਅਤੇ 16 | ₹ 12,24,960/- | ₹ 25,000/- | ₹ 1500/- |

ਸੀਲ ਬੰਦ ਟੈਂਡਰ ਨਾਲ ਜਮ੍ਹਾਂ ਕਰਵਾਈ ਜਾਣ ਵਾਲੀ ਅਰਨਸਟ ਮਨੀ ਦਾ ਡਿਮਾਂਡ ਡਰਾਫਟ ਐਮ.ਡੀ., ਪੀ.ਆਰ.ਟੀ.ਸੀ. ਪਟਿਆਲਾ ਦੇ ਨਾਂਅ 'ਤੇ ਭੁਗਤਾਨਯੋਗ ਹੋਵੇਗਾ। ਅਸਫਲ ਟੈਂਡਰਕਾਰਾਂ ਵਲੋਂ ਜਮ੍ਹਾਂ ਕਰਵਾਈ ਗਈ ਅਰਨਸਟ ਰਕਮ ਵਾਪਸ ਕਰ ਦਿੱਤੀ ਜਾਵੇਗੀ। ਜਿਹੜੇ ਸੀਲ ਬੰਦ ਟੈਂਡਰ ਬਿਨਾਂ ਅਰਨਸਟ ਮਨੀ/ਟੈਂਡਰ ਫੀਸ ਤੋਂ ਬਿਨਾਂ ਜਮ੍ਹਾਂ ਕਰਵਾਏ ਜਾਣਗੇ, ਉਹ ਵਿਚਾਰੇ ਨਹੀਂ ਜਾਣਗੇ।

ਇਸ ਟੈਂਡਰ ਸੰਬੰਧੀ ਟੈਂਡਰ ਫਾਰਮ ਪ੍ਰਾਪਤ ਕਰਨ ਲਈ ਅਤੇ ਹੋਰ ਜਾਣਕਾਰੀ/ਸ਼ਰਤਾਂ ਸੰਬੰਧੀ ਕਿਸੇ ਵੀ ਕੰਮ ਵਾਲੇ ਦਿਨ ਦਫ਼ਤਰ ਵਿਚੋਂ ਜਾਂ Email ID prtc.pat@gmail.com/ ਵੈੱਬਸਾਈਟ www.pepsurtc.com 'ਤੇ ਪ੍ਰਾਪਤ/ਦੇਖਿਆ ਜਾ ਸਕਦਾ ਹੈ। ਜੇਕਰ ਕੋਰੀਜੰਡਮ ਜਾਰੀ ਕੀਤਾ ਜਾਂਦਾ ਹੈ ਤਾਂ ਉਹ ਪੀ.ਆਰ.ਟੀ.ਸੀ. ਦੀ ਵੈੱਬਸਾਈਟ 'ਤੇ ਜਾਰੀ ਕੀਤਾ ਜਾਵੇਗਾ। ਨਿਮਨਹਸਤਾਖਰ ਕੋਲ ਇਹ ਹੱਕ ਰਾਖਵਾਂ ਹੋਵੇਗਾ ਕਿ ਉਹ ਬਿਨਾਂ ਕੋਈ ਕਾਰਨ ਦੱਸੇ ਕਿਸੇ ਵੀ ਜਾਂ ਸਾਰੇ ਸੀਲਬੰਦ ਟੈਂਡਰਾਂ ਨੂੰ ਰੱਦ ਕਰ ਸਕਦੇ ਹਨ।

ਸਹੀ/- ਜਨਰਲ ਮੈਨੇਜਰ, ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ, ਪਟਿਆਲਾ ਡਿਪੂ
PR-Advt. No: 1044/12/2025-26/5432



**ਦਫ਼ਤਰ ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ-ਕਮ-ਕਾਰਜ ਸਾਧਕ ਅਫ਼ਸਰ, ਪੰਚਾਇਤ ਸੰਮਤੀ ਮਾਜਰੀ**
(Email:-blockmajri8517@gmail.com)
**ਇਸ਼ਤਿਹਾਰ**

ਹਰ ਆਮ ਅਤੇ ਖ਼ਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗਰਾਮ ਪੰਚਾਇਤ ਚੰਦਪੁਰ ਬਲਾਕ ਮਾਜਰੀ, ਜ਼ਿਲ੍ਹਾ ਐਸ. ਏ. ਐਸ. ਨਗਰ ਵਲੋਂ ਆਪਣੀ ਸ਼ਾਮਲਾਤ ਜ਼ਮੀਨ ਜਿਸ ਦਾ ਖਸਰਾ ਨੰ. 198 ਲਗਭਗ 2.5 ਏਕੜ ਨੂੰ 33 ਸਾਲਾ ਲੀਜ਼ 'ਤੇ Beauty and Wellness Training Academy etc. (ਸਰਕਾਰੀ ਹਦਾਇਤਾਂ/ਪਾਲਿਸੀ ਅਨੁਸਾਰ ਜੋ Permissible ਹੋਵੇਗਾ) ਬਣਾਉਣ ਲਈ ਦੇਣਾ ਚਾਹੁੰਦੀ ਹੈ। ਬੋਲੀ ਵਿਚ ਭਾਗ ਲੈਣ ਲਈ ਬੋਲੀਕਾਰ ਨੂੰ 2.00 ਲੱਖ ਰੁਪਏ ਦਾ ਡਰਾਫ਼ਟ ਬਤੌਰ ਸਕਿਉਰਿਟੀ ਸਰਪੰਚ ਗਰਾਮ ਪੰਚਾਇਤ ਚੰਦਪੁਰ ਜ਼ਿਲ੍ਹਾ ਐਸ. ਏ. ਐਸ. ਨਗਰ ਦੇ ਨਾਂਅ 'ਤੇ ਬਣਾ ਕੇ ਬੋਲੀ ਸ਼ੁਰੂ ਹੋਣ ਤੋਂ ਪਹਿਲਾਂ ਜਮ੍ਹਾਂ ਕਰਵਾਉਣਾ ਲਾਜ਼ਮੀ ਹੋਵੇਗਾ। ਸਰਪੰਚ ਗਰਾਮ ਪੰਚਾਇਤ ਚੰਦਪੁਰ ਵਲੋਂ ਉਕਤ ਰਕਬੇ ਨੂੰ 33 ਸਾਲਾ ਲੀਜ਼ 'ਤੇ ਦੇਣ ਲਈ ਉਕਤ ਰਕਬੇ ਦੀ ਬੋਲੀ ਮਿਤੀ 15.12.2025 ਨੂੰ ਸਵੇਰੇ 11.00 ਵਜੇ ਬੀ. ਡੀ. ਪੀ. ਓ. ਦਫ਼ਤਰ ਮਾਜਰੀ ਜ਼ਿਲ੍ਹਾ ਐਸ. ਏ. ਐਸ. ਨਗਰ ਵਿਖੇ ਕੀਤੀ ਜਾਵੇਗੀ। ਬੋਲੀ ਨੂੰ ਪ੍ਰਵਾਨ ਜਾਂ ਰੱਦ ਕਰਨ ਦਾ ਅਧਿਕਾਰ ਸਰਪੰਚ ਗਰਾਮ ਪੰਚਾਇਤ ਚੰਦਪੁਰ ਨੂੰ ਹੋਵੇਗਾ। ਬੋਲੀ ਦੀਆਂ ਸ਼ਰਤਾਂ ਮੌਕੇ 'ਤੇ ਦੱਸੀਆਂ ਜਾਣਗੀਆਂ।

ਸਹੀ/- ਪੰਚਾਇਤ ਸਕੱਤਰ, ਗਰਾਮ ਪੰਚਾਇਤ ਚੰਦਪੁਰ, ਬਲਾਕ ਮਾਜਰੀ
ਸਹੀ/-ਬਲਾਕ ਵਿਕਾਸ ਅਤੇ ਪੰਚਾਇਤ ਅਫ਼ਸਰ ਮਾਜਰੀ
PR-Advt. No.:-1673/12/2025-26/5439



**ਪੰਜਾਬ ਮੰਡੀ ਬੋਰਡ**
ਈ-ਮੇਲ pmb.xencpat@punjab.gov.in
**ਆਨਲਾਈਨ ਬੋਲੀਆਂ ਮੰਗਣ ਦਾ ਨੋਟਿਸ**
**ਟੈਂਡਰ ਨੋਟਿਸ ਨੰ. 38/27.11.2025**

ਪੰਜਾਬ ਦੇ ਰਾਜਪਾਲ ਦੀ ਤਰਫੋਂ ਕਾਰਜਕਾਰੀ ਇੰਜੀਨੀਅਰ (ਸੀ) ਪੰਜਾਬ ਮੰਡੀ ਬੋਰਡ ਪਟਿਆਲਾ ਦੁਆਰਾ ਐਮ ਸੀ ਸਮਾਣਾ, ਡਕਾਲਾ, ਪਟਿਆਲਾ ਅਤੇ ਦੂਧਨ ਸਾਧਾਂ ਜ਼ਿਲ੍ਹਾ ਪਟਿਆਲਾ ਅਧੀਨ ਵੱਖ-ਵੱਖ ਸੰਪਰਕ ਸੜਕਾਂ ਦੀ ਵਿਸ਼ੇਸ਼ ਮੁਰੰਮਤ ਵਾਸਤੇ ਪੰਜਾਬ ਮੰਡੀ ਬੋਰਡ ਕੋਲ ਰਜਿਸਟਰਡ ਯੋਗ ਬੋਲੀਕਾਰਾਂ ਤੋਂ ਬੋਲੀਆਂ ਦੀ ਮੰਗ ਕੀਤੀ ਜਾਂਦੀ ਹੈ।
(ਅੰਦਾਜ਼ਨ ਰਾਸ਼ੀ : 3800.00 ਲੱਖ)
ਅੰਤਿਮ ਮਿਤੀ ਅਤੇ ਸਮਾਂ : 15.12.2025 ਸਵੇਰੇ 11.00 ਵਜੇ
ਵੇਰਵੇ ਲਈ ਲਾਗਆਨ ਕਰੋ : https://eproc.punjab.gov.in
ਟਿੱਪਣੀ : ਟੈਂਡਰ ਨੋਟਿਸ ਸੰਬੰਧੀ ਕੋਈ ਵੀ ਸੋਧ ਕੇਵਲ ਉਪਰੋਕਤ ਵੈੱਬਸਾਈਟ 'ਤੇ ਪ੍ਰਕਾਸ਼ਿਤ ਕੀਤੀ ਜਾਵੇਗੀ।

ਸਹੀ/-ਕਾਰਜਕਾਰੀ ਇੰਜੀਨੀਅਰ (ਸੀ) ਪੰਜਾਬ ਮੰਡੀ ਬੋਰਡ, ਪਟਿਆਲਾ।
PR-Advt. No :- 1685/12/2025-26/5473



**ਪੰਜਾਬ ਸਰਕਾਰ**
**ਆਰ ਐਫ ਪੀ/ਟੈਂਡਰ ਹਵਾਲਾ ਨੰ. 361-365/TIC ਮਿਤੀ : 26.11.2025**

ਨਗਰ ਨਿਗਮ ਵਿਭਾਗ ਪਟਿਆਲਾ ਦੁਆਰਾ ਹੇਠਾਂ ਲਿਖੇ ਕੰਮ ਲਈ ਆਨਲਾਈਨ ਬੋਲੀ ਦੀ ਮੰਗ ਕੀਤੀ ਜਾਂਦੀ ਹੈ :-

| ਲੜੀ ਨੰ. | ਕੰਮਾਂ ਦਾ ਵੇਰਵਾ/ਆਇਟਮ | ਮਾਤਰਾ (ਕੰਮਾਂ ਦੀ ਗਿਣਤੀ) |
|---|---|---|
| 1. | ਅਮਰੁਤ 2.0 ਅਧੀਨ ਜ਼ਿਲ੍ਹਾ ਪਟਿਆਲਾ ਵਿਖੇ ਅੰਮ੍ਰਿਤ ਸਰੋਵਰ ਰਜਿੰਦਰਾ ਲੇਕ ਨੂੰ ਮੁੜ-ਸੁਰਜੀਤ ਕਰਨਾ ਅਤੇ 5 ਸਾਲਾ ਸੰਚਾਲਨ ਅਤੇ ਰੱਖ-ਰਖਾਵ ਕਰਨਾ। | 1 |

ਪੂਰਵ ਬੋਲੀ ਮੀਟਿੰਗ ਮਿਤੀ ਅਤੇ ਸਮਾਂ : 08.12.2025 ਨੂੰ ਸਵੇਰੇ 11.30 ਵਜੇ।
ਅੰਤਿਮ ਮਿਤੀ ਅਤੇ ਸਮਾਂ : 18.12.2025 ਨੂੰ ਸ਼ਾਮ 17.00 ਵਜੇ ਤੱਕ
ਖੁੱਲ੍ਹਣ ਦੀ ਮਿਤੀ ਅਤੇ ਸਮਾਂ : 19.12.2025 ਨੂੰ ਸਵੇਰੇ 11.00 ਵਜੇ
ਵੇਰਵਿਆਂ ਲਈ ਲਾਗਆਨ ਕਰੋ : www.eproc.punjab.gov.in
ਟਿੱਪਣੀ : ਟੈਂਡਰ/ਆਰ ਐਫ ਪੀ ਨੋਟਿਸ ਲਈ ਕੋਈ ਸੋਧ (ਸੋਧਾਂ) ਨੂੰ ਕੇਵਲ ਉਪਰੋਕਤ ਵੈੱਬਸਾਈਟ 'ਤੇ ਪ੍ਰਕਾਸ਼ਿਤ ਕੀਤਾ ਜਾਵੇਗਾ।

ਸਹੀ/-ਸੁਪ੍ਰਿੰਟੈਂਡਿੰਗ ਇੰਜੀਨੀਅਰ, ਨਗਰ ਨਿਗਮ, ਪਟਿਆਲਾ।
PR-Advt. No :- 1794/12/2025-26/5420



Ph : 01655-230016
Mail ID : Mcmaur095@gmail.com

**ਦਫ਼ਤਰ ਨਗਰ ਕੌਂਸਲ ਮੌੜ (ਬਠਿੰਡਾ)**

ਨੰਬਰ: 4626 ਮਿਤੀ : 26/11/2025

**ਪਬਲਿਕ ਨੋਟਿਸ**

ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਗਰ ਕੌਂਸਲ ਵਲੋਂ ਮਿਤੀ 16/12/2025 ਨੂੰ ਦਫ਼ਤਰ ਨਗਰ ਕੌਂਸਲ ਮੌੜ ਵਿਖੇ ਬੋਲੀਆਂ ਰੱਖੀਆਂ ਗਈਆਂ ਹਨ। ਇਨ੍ਹਾਂ ਬੋਲੀਆਂ ਸੰਬੰਧੀ ਸ਼ਰਤਾਂ ਕਿਸੇ ਵੀ ਕੰਮ ਵਾਲੇ ਦਿਨ ਦਫ਼ਤਰੀ ਸਮੇਂ ਦੌਰਾਨ ਦੇਖੀਆਂ ਜਾ ਸਕਦੀਆਂ ਹਨ। ਚਾਹਵਾਨ ਸੱਜਣ ਮੌਕੇ 'ਤੇ ਪਹੁੰਚ ਕੇ ਲਾਭ ਉਠਾਉਣ ਜੇਕਰ ਇਸ ਦਿਨ ਕੋਈ ਸਰਕਾਰੀ ਛੁੱਟੀ ਹੋ ਜਾਂਦੀ ਹੈ ਤਾਂ ਇਹ ਬੋਲੀਆਂ ਅਗਲੇ ਕੰਮ ਵਾਲੇ ਦਿਨ ਨਿਸ਼ਚਿਤ ਸਮੇਂ ਅਨੁਸਾਰ ਕੀਤੀਆਂ ਜਾਣਗੀਆਂ। ਬੋਲੀਆਂ ਰੱਦ/ਪ੍ਰਵਾਨ/ਨਾ-ਪ੍ਰਵਾਨ ਕਰਨ ਦਾ ਅਧਿਕਾਰ ਪ੍ਰਧਾਨ/ਕਾਰਜ ਸਾਧਕ ਅਫ਼ਸਰ ਪਾਸ ਰਾਖਵਾਂ ਹੋਵੇਗਾ।

| ਲੜੀ ਨੰ: | ਆਈਟਮ | ਬੋਲੀ/ਠੇਕੇ ਦਾ ਸਮਾਂ | ਰਿਜ਼ਰਵ ਕੀਮਤ | ਬਿਆਨਾ ਰਕਮ | ਸਫ਼ਲ ਬੋਲੀਕਾਰ ਵਲੋਂ ਸਕਿਉਰਿਟੀ | ਬੋਲੀ ਦਾ ਸਮਾਂ |
|---|---|---|---|---|---|---|
| 1. | ਬੱਸ ਅੱਡੇ ਦੇ ਅੰਦਰ ਲੱਗੀਆਂ ਰੇਹੜੀਆਂ ਦੀ ਕੁਲੈਕਸ਼ਨ ਦਾ ਠੇਕਾ ਦੇਣ ਦੀ ਮਿਤੀ ਤੋਂ ਇਕ ਸਾਲ ਲਈ | 16/12/2025 | 2000/- | 10000/- | 25000/- | ਸਵੇਰੇ 10.30 ਵਜੇ |
| 2. | ਬੱਸ ਸਟੈਂਡ 'ਤੇ ਬੱਸ ਐਂਟਰੀ ਫੀਸ ਦਾ ਠੇਕਾ ਦੇਣ ਦੀ ਮਿਤੀ ਤੋਂ ਇਕ ਸਾਲ ਲਈ | 16/12/2025 | 2000/- | 10000/- | 25000/- | ਸਵੇਰੇ 11.00 ਵਜੇ |
| 3. | ਦਫ਼ਤਰ ਨਗਰ ਕੌਂਸਲ ਮੌੜ ਵਿਖੇ ਜੋ ਕਬਾੜ ਦਾ ਸਾਮਾਨ ਪਿਆ ਹੈ ਉਸਨੂੰ ਖੁੱਲ੍ਹੀ ਬੋਲੀ ਰਾਹੀਂ ਨਿਲਾਮ ਕਰਨਾ। | 16/12/2025 | --- | 10000/- | 10000/- | ਸਵੇਰੇ 11.30 ਵਜੇ |

ਸਹੀ/- ਪ੍ਰਧਾਨ, ਨਗਰ ਕੌਂਸਲ, ਮੌੜ।
ਸਹੀ/- ਕਾਰਜ ਸਾਧਕ ਅਫ਼ਸਰ, ਨਗਰ ਕੌਂਸਲ, ਮੌੜ।
PR-Advt. No: 2162/12/2025-26/5422